**YES BANK EBIXCASH GIFT ਪ੍ਰੀਪੇਡ ਕਾਰਡਾਂ ਲਈ ਨਿਯਮ ਅਤੇ ਸ਼ਰਤਾਂ**

ਇੱਥੇ ਵਰਣਿਤ ਕੀਤੇ ਨਿਯਮ ਅਤੇ ਸ਼ਰਤਾਂ (ਜਿਨ੍ਹਾਂ ਨੂੰ ਇੱਥੇ ਇਸ ਤੋਂ ਬਾਅਦ "**ਨਿਯਮ ਅਤੇ ਸ਼ਰਤਾਂ**" ਵਜੋਂ ਵਰਣਿਤ ਕੀਤਾ ਗਿਆ ਹੈ) "**YES BANK EBIXCASH GIFT ਪ੍ਰੀਪੇਡ ਕਾਰਡ**" ਦੀ ਵਰਤੋਂ ਉੱਪਰ ਲਾਗੂ ਹੁੰਦੇ ਹਨ ਅਤੇ ਇਸਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਨਾਲ ਸਹਿਮਤ ਹੋਣਾ ਅਤੇ ਇਨ੍ਹਾਂ ਨੂੰ ਸਵੀਕਾਰ ਕਰਨਾ ਜ਼ਰੂਰੀ ਹੁੰਦਾ ਹੈ। ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਤੁਹਾਡੇ ਅਤੇ YES Bank ਵਿਚਕਾਰ "**YES Bank EBIXCASH GIFT ਪ੍ਰੀਪੇਡ ਕਾਰਡ**" ਦੇ ਸੰਬੰਧ ਵਿੱਚ ਹੋਏ ਪੂਰੇ ਇਕਰਾਰਨਾਮੇ ਅਤੇ/ਜਾਂ ਪ੍ਰਬੰਧ ਦਾ ਗਠਨ ਅਤੇ ਇਸ ਨੂੰ ਨਿਯੰਤਰਿਤ ਕਰਦੇ ਹਨ ਜਿਨ੍ਹਾਂ ਨੂੰ ਸਮੇਂ-ਸਮੇਂ YES Bank Limited ਦੇ ਇੱਕਮਾਤਰ ਫ਼ੈਸਲੇ ਅਨੁਸਾਰ ਸੋਧਿਆ ਜਾਂਦਾ ਹੈ।

"**YES BANK EBIXCASH GIFT ਪ੍ਰੀਪੇਡ ਕਾਰਡ**" ਦਾ ਲਾਭ ਉਠਾਉਣ ਲਈ ਸਾਈਨ-ਅੱਪ ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ ਇਹ ਮੰਨਿਆ ਜਾਂਦਾ ਹੈ ਕਿ ਤੁਸੀਂ ਇੱਥੇ ਦਿੱਤੇ ਗਏ ਹਰੇਕ ਨਿਯਮ ਅਤੇ ਸ਼ਰਤ ਨੂੰ ਚੰਗੀ ਤਰ੍ਹਾਂ ਪੜ੍ਹ, ਸਮਝ ਲਿਆ ਹੈ ਅਤੇ ਇਸਨੂੰ ਸਵੀਕਾਰ ਕਰ ਲਿਆ ਹੈ। ਤੁਸੀਂ ਇੱਥੇ ਵਰਣਿਤ ਕੀਤੇ ਸਾਰੇ ਨਿਯਮ ਅਤੇ ਸ਼ਰਤਾਂ ਨਾਲ ਬੰਨ੍ਹੇ ਜਾਣ ਲਈ ਸਹਿਮਤ ਹੁੰਦੇ ਹੋ ਜਿਨ੍ਹਾਂ ਨੂੰ ਸਮੇਂ-ਸਮੇਂ 'ਤੇ YES Bank Limited ਦੇ ਇੱਕਮਾਤਰ ਫ਼ੈਸਲੇ ਅਨੁਸਾਰ ਸੰਸ਼ੋਧਿਤ ਕੀਤਾ ਜਾ ਸਕਦਾ ਹੈ।

**I. ਪਰਿਭਾਸ਼ਾਵਾਂ**

ਇਨ੍ਹਾਂ ਨਿਯਮ ਅਤੇ ਸ਼ਰਤਾਂ ਵਿੱਚ, ਜਦੋਂ ਤੱਕ ਵਿਪਰੀਤ ਇਰਾਦਾ ਪ੍ਰਗਟ ਨਹੀਂ ਹੁੰਦਾ ਅਤੇ/ਜਾਂ ਸੰਦਰਭ ਦੀ ਲੋੜ ਨਹੀਂ ਹੁੰਦੀ, ਵੱਡੇ ਅੱਖਰਾਂ ਵਿੱਚ ਸ਼ਬਦਾਂ ਨੂੰ ਇਨ੍ਹਾਂ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ (i) ਹਵਾਲਿਆਂ ਅਤੇ/ ਜਾਂ ਬਰੈਕਿਟਾਂ ਵਿੱਚ ਸ਼ਾਮਲ ਕਰਨ ਦੇ ਅਰਥ ਹਨ ਜੋ ਦੱਸੇ ਗਏ ਹਨ ਅਤੇ (ii) ਹੇਠਾਂ ਦਿੱਤੇ ਸ਼ਬਦਾਂ ਦੇ ਅਰਥ ਹੇਠਾਂ ਵਰਣਿਤ ਕੀਤੇ ਗਏ ਹਨ

a) "ਅਕਾਊਂਟ" ਜਾਂ "ਕਾਰਡ ਅਕਾਊਂਟ" PPI 'ਤੇ ਉਪਲਬਧ ਸੀਮਾਵਾਂ ਦੀ ਨਿਗਰਾਨੀ ਦੇ ਉਦੇਸ਼ ਲਈ ਉਸ PPI 'ਤੇ ਲੋਡ ਕੀਤੀ ਗਈ ਰਕਮ ਦੇ ਬਰਾਬਰ ਅਕਾਊਂਟ ਬੈਲੇਂਸ ਵਾਲੇ ਇੱਕ ਪ੍ਰੀਪੇਡ ਅਕਾਊਂਟ ਨੂੰ ਦਰਸਾਉਂਦਾ ਹੈ।

b) ਸੰਦਰਭ ਦੀ ਅਨੁਮਤੀ ਜਾਂ ਇਸਦੀ ਲੋੜ ਅਨੁਸਾਰ, "ਐਪਲੀਕੇਸ਼ਨ ਫਾਰਮ" ਦਾ ਅਰਥ ਹੋਵੇਗਾ GIFT ਪ੍ਰੀਪੇਡ ਕਾਰਡ ਐਪਲੀਕੇਸ਼ਨ ਫਾਰਮ ਜੋ GIFT ਪ੍ਰੀਪੇਡ ਕਾਰਡ ਲਈ ਅਪਲਾਈ ਕਰਨ ਵਾਸਤੇ ਅਤੇ/ਜਾਂ ਇਸਦਾ ਲਾਭ ਉਠਾਉਣ ਵਾਸਤੇ ਗਾਹਕ ਦੁਆਰਾ GIFT ਪ੍ਰੀਪੇਡ ਕਾਰਡ ਦੇ ਸੰਬੰਧ ਵਿੱਚ ਸਮੇਂ-ਸਮੇਂ ਪ੍ਰਦਾਨ ਕੀਤੀ ਜਾਣ ਵਾਲੀ ਕੋਈ ਵੀ ਲੋੜੀਂਦੀ ਜਾਣਕਾਰੀ, ਵੇਰਵਿਆਂ, ਸਪਸ਼ਟੀਕਰਨਾਂ ਅਤੇ ਘੋਸ਼ਣਾਵਾਂ ਸਮੇਤ YES Bank/EbixCash ਨੂੰ ਜਮ੍ਹਾਂ ਕਰਵਾਇਆ ਜਾਂਦਾ ਹੈ।

c) "ਕਾਰੋਬਾਰੀ ਦਿਨ" ਦਾ ਅਰਥ ਹੈ ਨੈਗੋਸ਼ਿਏਬਲ ਇੰਸਟਰੂਮੈਂਟ ਐਕਟ 1881 ਦੀ ਧਾਰਾ 25 ਵਿੱਚ ਵਰਣਿਤ ਕੀਤੇ ਅਨੁਸਾਰ ਐਤਵਾਰ ਜਾਂ ਸਰਕਾਰੀ ਛੁੱਟੀ ਤੋਂ ਇਲਾਵਾ ਕੋਈ ਦਿਨ ਜਦੋਂ ਬੈਂਕ ਬੈਂਕਿੰਗ ਦਾ ਕਾਰੋਬਾਰ ਕਰਨ ਲਈ ਖੁੱਲ੍ਹੇ ਹੁੰਦੇ ਹਨ।

d) "ਖ਼ਰਚੇ" ਭਾਵ GIFT ਪ੍ਰੀਪੇਡ ਕਾਰਡ ਦੀ ਵਰਤੋਂ ਲਈ YES Bank ਦੁਆਰਾ ਲਗਾਏ ਜਾਣ ਵਾਲੇ ਸ਼ੁਲਕ, ਲਾਗਤਾਂ ਅਤੇ ਚਾਰਜ, ਜਿਨ੍ਹਾਂ ਨੂੰ ਸਮੇਂ-ਸਮੇਂ ਸੋਧਿਆ ਜਾਂਦਾ ਹੈ।

e) "ਗਾਹਕ" ਜਾਂ "ਹੋਲਡਰ" ਤੋਂ ਭਾਵ ਕੋਈ ਵੀ ਵਿਅਕਤੀ, ਸੀਮਿਤ ਦੇਣਦਾਰੀ ਸਾਂਝੇਦਾਰੀ ਫਰਮ, ਸਾਂਝੇਦਾਰੀ, ਸੋਸਾਇਟੀ, ਕੰਪਨੀ ਜਾਂ ਕੋਈ ਹੋਰ ਸੰਗਠਨ ਜਾਂ ਲਾਗੂ ਕਨੂੰਨਾਂ ਤਹਿਤ ਕੋਈ ਵੀ ਸੰਸਥਾ, ਜੋ ਬੈਂਕ ਤੋਂ PPI ਪ੍ਰਾਪਤ ਕਰਦੀ ਹੈ/ਖਰੀਦਦੀ ਹੈ ਅਤੇ ਇਸਦੀ ਵਰਤੋਂ ਇਸ ਇੰਸਟਰੂਮੈਂਟ ਵਿੱਚ ਉਪਲਬਧ ਮੁੱਲ ਦੇ ਬਦਲੇ ਵਿੱਤੀ ਸੇਵਾਵਾਂ, ਰਿਮਿਟੈਂਸ ਸੇਵਾਵਾਂ ਆਦਿ ਸਮੇਤ ਵਸਤੂਆਂ ਅਤੇ ਸੇਵਾਵਾਂ ਖਰੀਦਣ ਲਈ ਕਰਦੀ ਹੈ

f) "ਗਾਹਕ ਸੇਵਾ ਕੇਂਦਰ" GIFT ਪ੍ਰੀਪੇਡ ਕਾਰਡ ਦੇ ਸੰਬੰਧ ਵਿੱਚ ਗਾਹਕ ਦੁਆਰਾ ਕੀਤੇ ਜਾਣ ਵਾਲੇ ਸਾਰੇ ਸਵਾਲਾਂ, ਸ਼ਿਕਾਇਤਾਂ ਦਾ ਹੱਲ ਕਰਨ ਜਾਂ ਗਾਹਕ ਦੁਆਰਾ ਮੰਗੀ ਜਾਣ ਵਾਲੀ ਕੋਈ ਵੀ ਜਾਣਕਾਰੀ ਜਾਂ ਵੇਰਵੇ ਪ੍ਰਦਾਨ ਕਰਨ ਲਈ YES Bank/EbixCash ਦੁਆਰਾ ਪੇਸ਼ ਕੀਤੀ ਜਾਣ ਵਾਲੀ ਪ੍ਰੋਗਰਾਮ ਫ਼ੋਨ ਬੈਂਕਿੰਗ ਸੇਵਾ ਹੈ।

g) "ਕਾਰਡ ਸਮਝੌਤਾ" ਭਾਵ ਕਿ ਗਾਹਕ ਦੁਆਰਾ YES Bank ਦੇ ਨਾਲ ਇਸਦੇ ਕਰਮਚਾਰੀਆਂ/ ਇਕਰਾਰਨਾਮਾਬੱਧ ਸਟਾਫ਼ ਨੂੰ GIFT ਪ੍ਰੀਪੇਡ ਕਾਰਡ ਜਾਰੀ ਕਰਨ ਲਈ ਕੀਤਾ ਜਾਣ ਵਾਲਾ ਸਮਝੌਤਾ ਜਾਂ ਵਿਵਸਥਾ ਹੈ ਜਿਸ ਵਿੱਚ ਸਮੇਂ-ਸਮੇਂ ਕੀਤੇ ਜਾਣ ਵਾਲੇ ਕੋਈ ਵੀ ਸੋਧ ਸ਼ਾਮਲ ਹਨ।

h) "ਕਾਰਡ" ਜਾਂ "YES BANK GIFT ਕਾਰਡ" ਜਾਂ ਪ੍ਰੀਪੇਡ ਇੰਸਟਰੂਮੈਂਟ (PPI) ਦਾ ਅਰਥ ਹੈ ਪ੍ਰੀਪੇਡ ਇੰਸਟਰੂਮੈਂਟ ("PPI"-ਕਾਰਡ/ਵਾਲੇਟ) ਜੋ ਉਹ ਭੁਗਤਾਨ ਇੰਸਟਰੂਮੈਂਟ ਹਨ ਜੋ ਇਨ੍ਹਾਂ ਇੰਸਟਰੂਮੈਂਟਾਂ ਵਿੱਚ ਸਟੋਰ ਮੁੱਲ ਦਾ ਬਦਲੇ ਵਿੱਤੀ ਸੇਵਾਵਾਂ, ਰਿਮਿਟੈਂਸ ਸੇਵਾਵਾਂ ਆਦਿ ਸਮੇਤ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਦੀ ਸੁਵਿਧਾ ਦਿੰਦੇ ਹਨ ਜਿਵੇਂ ਕਿ ਮਿਤੀ 29 ਦਸੰਬਰ, 2017 ਦੇ ਪ੍ਰੀਪੇਡ ਭੁਗਤਾਨ ਇੰਸਟਰੂਮੈਂਟਾਂ ਦੇ ਜਾਰੀਕਰਨ ਅਤੇ ਸੰਚਾਲਨ 'ਤੇ ਮਾਸਟਰ ਡਾਇਰੈਕਸ਼ਨ ਵਿੱਚ ਵਰਣਿਤ ਕੀਤਾ ਗਿਆ ਹੈ।

i) "EDC" ਜਾਂ "ਇਲੈਕਟ੍ਰਾਨਿਕ ਡੇਟਾ ਕੈਪਚਰ" ਭਾਵ ਕਿ ਟਰਮੀਨਲ, ਪ੍ਰਿੰਟਰ, ਹੋਰ ਪੈਰੀਫਿਰਲ ਅਤੇ ਸਹਾਇਕ ਸਮਾਨ ਅਤੇ ਜ਼ਰੂਰੀ ਸੌਫ਼ਟਵੇਅਰ ਜਿਸ 'ਤੇ GIFT ਪ੍ਰੀਪੇਡ ਕਾਰਡ ਸਵਾਈਪ ਕੀਤਾ ਜਾ ਸਕਦਾ ਹੈ ਜਾਂ ਲੈਣ-ਦੇਣ ਨੂੰ ਸ਼ੁਰੂ ਕਰਨ ਲਈ ਵਰਤਿਆ ਜਾ ਸਕਦਾ ਹੈ।

j) "ਇੰਟਰਨੈੱਟ ਭੁਗਤਾਨ ਗੇਟਵੇ" ਭਾਵ ਕਿ YES Bank ਦੁਆਰਾ ਨਿਰਧਾਰਿਤ ਪ੍ਰੋਟੋਕਾਲ ਜੋ ਗਾਹਕ ਦੇ ਪ੍ਰਮਾਣੀਕਰਨ ਤੋਂ ਬਾਅਦ ਇੰਟਰਨੈੱਟ ਰਾਹੀਂ GIFT ਪ੍ਰੀਪੇਡ ਕਾਰਡ ਦੁਆਰਾ ਭੁਗਤਾਨ ਕਰਨ ਦਾ ਅਧਿਕਾਰ ਦਿੰਦਾ ਹੈ।

k) "KYC" ਭਾਵ ਕਿ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਮੇਂ-ਸਮੇਂ ਜਾਰੀ ਕੀਤੇ ਦਿਸ਼ਾ-ਨਿਰਦੇਸ਼, ਸਰਕੂਲਰ ਅਤੇ ਸੂਚਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਗਾਹਕ ਦੀ ਪਛਾਣ ਅਤੇ ਤਸਦੀਕ ਦੇ ਉਦੇਸ਼ ਲਈ ਬੈਂਕ ਦੁਆਰਾ ਅਪਣਾਏ ਜਾਣ ਵਾਲੇ 'ਆਪਣਾ ਗਾਹਕ ਜਾਣੋ' ਨਿਰਦੇਸ਼।

l) "ਵਪਾਰੀ ਅਦਾਰਿਆਂ" ਤੋਂ ਭਾਵ ਕਿ ਉਹ ਭੌਤਿਕ ਅਦਾਰੇ ਜਿਨ੍ਹਾਂ ਵਿੱਚ ਭਾਰਤ ਵਿੱਚ ਸਥਿਤ ਸਟੋਰ, ਦੁਕਾਨਾਂ, ਰੈਸਤਰਾਂ, ਹੋਟਲ ਸ਼ਾਮਲ ਹਨ ਜੋ GIFT ਪ੍ਰੀਪੇਡ ਕਾਰਡ ਜਾਂ ਮਾਸਟਰ ਕਾਰਡ ਨੂੰ ਸਵੀਕਾਰ ਕਰਦੇ ਹਨ ਪਰ ਇਹ ਇਨ੍ਹਾਂ ਤੱਕ ਸੀਮਿਤ ਨਹੀਂ ਹਨ।

m) "ਵਿਅਕਤੀਗਤ ਪਛਾਣ ਨੰਬਰ (PIN)" ਇੱਕ ਸੰਖਿਆਤਮਕ ਪਾਸਵਰਡ ਹੈ ਜੋ YES Bank ਦੁਆਰਾ PPI ਦੇ ਨਾਲ ਗਾਹਕ ਨੂੰ ਪ੍ਰਦਾਨ ਕੀਤੀ ਗਈ ਕਿੱਟ ਦਾ ਭਾਗ ਹੈ।

n) "ਭੁਗਤਾਨ ਚੈਨਲ" ਭਾਵ ਕਿ ਲੈਣ-ਦੇਣ ਦੇ ਵੱਖ-ਵੱਖ ਤਰੀਕੇ ਜਿਨ੍ਹਾਂ ਵਿੱਚ EDC/ POS ਟਰਮੀਨਲ/ਕਿਓਸਕ / ਇੰਟਰਨੈੱਟ ਭੁਗਤਾਨ ਗੇਟਵੇ ਅਤੇ Yes Bank ਦੁਆਰਾ ਸਮੇਂ-ਸਮੇਂ ਸ਼ੁਰੂ ਕੀਤੇ ਜਾਣ ਵਾਲੇ ਹੋਰ ਵੱਖ-ਵੱਖ ਤਰੀਕੇ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।

o) "POS" ਜਾਂ "ਪੌਇੰਟ ਔਫ਼ ਸੇਲ" ਭਾਵ ਕਿ ਭਾਰਤ ਵਿੱਚ ਵਪਾਰੀ ਅਦਾਰਿਆਂ ਦੁਆਰਾ ਬਣਾਏ ਗਏ ਇਲੈਕਟ੍ਰਾਨਿਕ ਟਰਮੀਨਲ ਜਿਨ੍ਹਾਂ 'ਤੇ ਗਾਹਕ ਵਿੱਤੀ ਸੇਵਾਵਾਂ, ਰਿਮਿਟੈਂਸ ਸੇਵਾਵਾਂ ਆਦਿ ਸਮੇਤ ਵਸਤੂਆਂ ਅਤੇ ਸੇਵਾਵਾਂ ਖਰੀਦਣ ਦੇ ਉਦੇਸ਼ ਲਈ GIFT ਪ੍ਰੀਪੇਡ ਕਾਰਡ ਦੀ ਵਰਤੋਂ ਕਰ ਸਕਦਾ ਹੈ।

p) "ਪ੍ਰੋਗਰਾਮ" ਦਾ ਅਰਥ ਗਾਹਕ ਨੂੰ GIFT ਪ੍ਰੀਪੇਡ ਕਾਰਡ ਦੀ ਪੇਸ਼ਕਸ਼ ਕਰਨ ਲਈ YES Bank ਪ੍ਰੋਗਰਾਮ ਤੋਂ ਹੋਵੇਗਾ।

q) "ਫ਼ੀਸਾਂ/ਖ਼ਰਚਿਆਂ ਦੀ ਅਨੁਸੂਚੀ" ਤੋਂ ਭਾਵ ਫੀਸਾਂ ਜਾਂ ਖ਼ਰਚਿਆਂ ਦੇ ਵੇਰਵਿਆਂ ਤੋਂ ਹੈ ਜਿਨ੍ਹਾਂ ਨੂੰ ਸਮੇਂ-ਸਮੇਂ YES Bank ਦੁਆਰਾ ਨਿਰਧਾਰਿਤ ਕਰਕੇ ਇਸਦੀ ਵੈੱਬਸਾਈਟ 'ਤੇ ਦਰਸਾਇਆ ਜਾਂਦਾ ਹੈ ਅਤੇ ਸਮੇਂ-ਸਮੇਂ ਸੋਧਿਆ ਜਾਂਦਾ ਹੈ।

r) "ਸਟੇਟਮੈਂਟ" ਦਾ ਅਰਥ ਹੈ YES Bank ਦੇ ਰਿਕਾਰਡਾਂ ਵਿੱਚ ਉਪਲਬਧ GIFT ਪ੍ਰੀਪੇਡ ਕਾਰਡ ਲੈਣ-ਦੇਣ ਦੀ ਮਹੀਨੇਵਾਰ ਸਟੇਟਮੈਂਟ ਜੋ ਉਨ੍ਹਾਂ ਵਿੱਤੀ ਲੈਣ-ਦੇਣਾਂ ਦਾ ਵਰਣਨ ਕਰਦੇ ਹਨ ਜੋ ਕਾਰਡ ਅਕਾਊਂਟ ਵਿੱਚ ਉਪਲਬਧ ਕਿਸੇ ਬੈਲੇਂਸ ਦੇ ਨਾਲ GIFT ਪ੍ਰੀਪੇਡ ਕਾਰਡ ਰਾਹੀਂ ਕੀਤੇ ਗਏ ਹਨ।

s) "ਲੈਣ-ਦੇਣ" ਦਾ ਅਰਥ ਹੈ ਕਿਸੇ ਵੀ ਮਾਸਟਰਕਾਰਡ/VISA/RUPAY ਨਾਲ ਸੰਬੰਧਿਤ ਵਪਾਰੀ ਅਦਾਰੇ, YES Bank ਦੇ ATM, ਭਾਰਤ ਵਿੱਚ ਹੋਰ ਬੈਂਕਾਂ ਦੇ ATM ਜਾਂ ਇੰਟਰਨੈਟ ਰਾਹੀਂ ਗਾਹਕ ਦੁਆਰਾ GIFT ਪ੍ਰੀਪੇਡ ਕਾਰਡ 'ਤੇ ਸ਼ੁਰੂ ਕੀਤਾ ਕੋਈ ਵੀ ਲੈਣ-ਦੇਣ।

t) "ਲੈਣ-ਦੇਣ ਸੀਮਾ" ਤੋਂ ਭਾਵ ਖਰੀਦਦਾਰੀ ਦਾ ਅਧਿਕਤਮ ਮੁੱਲ ਜੋ ਗਾਹਕ ਵਪਾਰੀ ਅਦਾਰੇ ਜਾਂ ਇੰਟਰਨੈਟ 'ਤੇ ਸਿੱਧੇ ਜਾਂ ਅਸਿੱਧੇ ਤੌਰ 'ਤੇ GIFT ਪ੍ਰੀਪੇਡ ਕਾਰਡ ਦੀ ਵਰਤੋਂ ਕਰਕੇ ਕਿਸੇ ਵੀ ਦਿਨ ਜਾਂ YES Bank ਦੁਆਰਾ ਸਮੇਂ-ਸਮੇਂ ਨਿਰਧਾਰਤ ਕੀਤੀਆਂ ਜਾਣ ਵਾਲੀਆਂ ਮਿਆਦਾਂ ਲਈ ਕਰ ਸਕਦਾ ਹੈ, ਬਸ਼ਰਤੇ ਕਿ ਅਜਿਹੀ ਰਕਮ ਕਿਸੇ ਵੀ ਸਥਿਤੀ ਵਿੱਚ ਗਾਹਕ ਦੁਆਰਾ GIFT ਪ੍ਰੀਪੇਡ ਕਾਰਡ ਦੀ ਵਰਤੋਂ ਦੇ ਅਨੁਸਾਰ ਕੀਤੇ ਗਏ ਕੁੱਲ ਡੈਬਿਟ ਨੂੰ ਕੱਟਣ ਤੋਂ ਬਾਅਦ, ਗਾਹਕ ਨੂੰ ਜਾਰੀ ਕੀਤੇ GIFT ਪ੍ਰੀਪੇਡ ਕਾਰਡ ਵਿੱਚ ਟ੍ਰਾਂਸਫਰ ਕੀਤੀ ਗਈ ਰਕਮ ਤੋਂ ਵੱਧ ਨਹੀਂ ਹੋਵੇਗੀ।

u) "ਵੈਬਸਾਈਟ" ਤੋਂ ਭਾਵ ਉਹ ਵੈੱਬਸਾਈਟ ਜੋ YES Bank/EbixCash ਦੀ ਮਲਕੀਅਤ ਹੈ, ਇਸ ਦੁਆਰਾ ਸਥਾਪਿਤ ਕੀਤੀ ਗਈ ਹੈ ਅਤੇ ਚਲਾਈ ਜਾਂਦੀ ਹੈ ਜੋ ਇਸ URL 'ਤੇ ਸਥਿਤ ਹੈ: www.ebixcash.com ਜਾਂ ਇਸ ਵਿੱਚ ਸਮੇਂ-ਸਮੇਂ ਕੋਈ ਵੀ ਸੋਧ ਜਾਂ ਸੰਸ਼ੋਧਨ ਕੀਤੇ ਜਾਂਦੇ ਹਨ।

v) "YES Bank" ਦਾ ਮਤਲਬ YES Bank Ltd., ਕੰਪਨੀ ਐਕਟ 1956 ਦੇ ਅਰਥਾਂ ਦੇ ਅੰਦਰ ਇੱਕ ਬੈਂਕਿੰਗ ਕੰਪਨੀ ਅਤੇ ਬੈਂਕਿੰਗ ਰੈਗੂਲੇਸ਼ਨ ਐਕਟ, 1949 ਦੀ ਧਾਰਾ 5 (c) ਦੇ ਅਰਥਾਂ ਦੇ ਵਿੱਚ ਇੱਕ ਬੈਂਕਿੰਗ ਕੰਪਨੀ, ਜਿਸਦਾ ਰਜਿਸਟਰਡ ਦਫ਼ਤਰ ਨਹਿਰੂ ਸੈਂਟਰ, 9ਵੀਂ ਮੰਜ਼ਿਲ, ਡਿਸਕਵਰੀ ਆਫ਼ ਇੰਡੀਆ, ਡਾ. A B ਰੋਡ, ਵਰਲੀ, ਮੁੰਬਈ 400 018 ਵਿਖੇ ਸਥਿਤ ਹੈ।

w) "EBIXCASH” ਦਾ ਅਰਥ ਹੈ Ebix Payment Services Pvt Ltd, ਜੋ ਭਾਰਤੀ ਕੰਪਨੀ ਐਕਟ, 1956/2013 ਦੇ ਤਹਿਤ ਪੰਜੀਕਿਰਤ ਇੱਕ ਕੰਪਨੀ ਹੈ ਅਤੇ ਇਸਦਾ ਰਜਿਸਟਰਡ ਦਫ਼ਤਰ ਦੂਜੀ ਮੰਜ਼ਿਲ, ਮਾਨੇਕ ਪਲਾਜ਼ਾ, ਕਾਲੀਨਾ CST ਰੋਡ, ਕੋਲੇਕਲਿਆਣ, ਸੈਂਟਾਕਰੂਜ਼ (ਪੂਰਬੀ), ਮੁੰਬਈ – 400098 (“EbixCash”) ਵਿਖੇ ਸਥਿਤ ਹੈ। EbixCash Ebix Payment Services Pvt Ltd. ਦਾ ਇੱਕ ਵਪਾਰਕ ਅਤੇ ਬ੍ਰਾਂਡ ਨਾਮ ਹੈ। Ebix Payment Services Pvt Ltd ਨੂੰ YES Bank ਦੁਆਰਾ YES Bank EbixCash Gift ਕਾਰਡ ਲਈ ਪ੍ਰੋਗਰਾਮ ਮੈਨੇਜਰ ਵਜੋਂ ਨਿਯੁਕਤ ਕੀਤਾ ਗਿਆ ਹੈ।

## II. ਵਿਆਖਿਆਵਾਂ

ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ, ਜਦੋਂ ਤੱਕ ਵਿਪਰੀਤ ਇਰਾਦਾ ਪ੍ਰਗਟ ਨਹੀਂ ਹੁੰਦਾ:

a) ਇੱਕ "ਸੰਸ਼ੋਧਨ" ਦੇ ਸੰਦਰਭ ਵਿੱਚ ਇੱਕ ਪੂਰਕ, ਸੋਧ, ਨਵੀਨਤਾ, ਬਦਲੀ ਜਾਂ ਮੁੜ ਲਾਗੂ ਕਰਨਾ ਸ਼ਾਮਲ ਹੈ ਅਤੇ "ਸੋਧਿਆ ਗਿਆ" ਦਾ ਅਰਥ ਉਸ ਅਨੁਸਾਰ ਕੀਤਾ ਜਾਣਾ ਹੈ;

b) ਇੱਕ "ਅਧਿਕਾਰ" ਜਾਂ "ਪ੍ਰਵਾਨਗੀ" ਵਿੱਚ ਇੱਕ ਅਧਿਕਾਰ, ਸਹਿਮਤੀ, ਸਪਸ਼ਟਤਾ, ਪ੍ਰਵਾਨਗੀ, ਅਨੁਮਤੀ, ਰੈਜ਼ੋਲੂਸ਼ਨ, ਲਾਇਸੈਂਸ, ਛੋਟ, ਫਾਈਲਿੰਗ ਅਤੇ ਰਜਿਸਟ੍ਰੇਸ਼ਨ ਸ਼ਾਮਲ ਹੈ;

c) "ਕਾਨੂੰਨ" ਵਿੱਚ ਕੋਈ ਵੀ ਸੰਵਿਧਾਨ, ਕਨੂੰਨ, ਅਧਿਨਿਯਮ, ਵਿਧਾਨ, ਨਿਯਮ, ਆਰਡੀਨੈਂਸ, ਨਿਰਣਾ, ਆਦੇਸ਼, ਫ਼ਰਮਾਨ, ਅਧਿਕਾਰ, ਜਾਂ ਕਨੂੰਨ ਦੀ ਤਾਕਤ ਰੱਖਣ ਵਾਲਾ ਕੋਈ ਵੀ ਪ੍ਰਕਾਸ਼ਿਤ ਨਿਰਦੇਸ਼, ਦਿਸ਼ਾ-ਨਿਰਦੇਸ਼, ਲੋੜ ਜਾਂ ਸਰਕਾਰੀ ਪਾਬੰਦੀ, ਜਾਂ ਕਿਸੇ ਵੀ ਨਿਆਂਇਕ ਅਥੌਰਿਟੀ ਦੁਆਰਾ ਉਪਰੋਕਤ ਵਰਣਿਤ ਕੀਤੇ ਦੇ ਸੰਬੰਧ ਵਿੱਚ ਕੋਈ ਵੀ ਨਿਰਧਾਰਨ ਜਾਂ ਵਿਆਖਿਆ, ਭਾਵੇਂ ਐਪਲੀਕੇਸ਼ਨ ਫਾਰਮ 'ਤੇ' ਹਸਤਾਖਰ ਕਰਨ/ਸਪੁਰਦ ਕਰਨ ਦੀ ਮਿਤੀ ਤੋਂ ਪ੍ਰਭਾਵੀ ਹੋਵੇ ਜਾਂ ਉਸ ਤੋਂ ਬਾਅਦ, ਅਤੇ ਇਨ੍ਹਾਂ ਵਿੱਚੋਂ ਸਮੇ-ਸਮੇਂ 'ਤੇ ਸੋਧਿਆ ਗਿਆ ਹਰੇਕ ਸ਼ਾਮਲ ਹੈ।

d) "ਅਣਕਿਆਸੀ ਘਟਨਾ" ਦਾ ਅਰਥ ਹੈ YES Bank ਦੇ ਵਾਜਬ ਨਿਯੰਤਰਣ ਤੋਂ ਬਾਹਰ ਕਿਸੇ ਕਾਰਨ ਕਰਕੇ ਕੋਈ ਵੀ ਘਟਨਾ, ਜਿਸ ਵਿੱਚ ਬਿਨਾਂ ਸੀਮਾਵਾਂ, ਕਿਸੇ ਸੰਚਾਰ ਪ੍ਰਣਾਲੀ ਦੀ ਅਣਉਪਲਬਧਤਾ, ਪ੍ਰਕਿਰਿਆਵਾਂ ਜਾਂ ਭੁਗਤਾਨ ਜਾਂ ਡਿਲੀਵਰੀ ਵਿਧੀ ਵਿੱਚ ਉਲੰਘਣਾ, ਜਾਂ ਵਾਇਰਸ, ਤੋੜ-ਫੋੜ, ਅੱਗ, ਹੜ੍ਹ, ਵਿਸਫੋਟ, ਦੇਵਤਾ ਦੇ ਕੰਮ, ਸਿਵਲ ਹੰਗਾਮਾ, ਹੜਤਾਲਾਂ ਜਾਂ ਕਿਸੇ ਕਿਸਮ ਦੀ ਉਦਯੋਗਿਕ ਕਾਰਵਾਈ, ਦੰਗੇ, ਬਗਾਵਤ, ਯੁੱਧ, ਸਰਕਾਰ ਦੀਆਂ ਕਾਰਵਾਈਆਂ, ਕੰਪਿਊਟਰ ਹੈਕਿੰਗ, ਕੰਪਿਊਟਰ ਡੇਟਾ ਅਤੇ ਸਟੋਰੇਜ ਡਿਵਾਈਸਾਂ ਤੱਕ ਅਣਅਧਿਕਾਰਤ ਪਹੁੰਚ, ਕੰਪਿਊਟਰ ਕਰੈਸ਼, ਕੰਪਿਊਟਰ ਟਰਮੀਨਲ ਵਿੱਚ ਖ਼ਰਾਬੀ ਜਾਂ ਕਿਸੇ ਵੀ ਖਤਰਨਾਕ, ਵਿਨਾਸ਼ਕਾਰੀ ਜਾਂ ਭ੍ਰਿਸ਼ਟ ਕੋਡ ਜਾਂ ਪ੍ਰੋਗਰਾਮ ਤੋਂ ਪ੍ਰਭਾਵਿਤ ਸਿਸਟਮ, ਮਕੈਨੀਕਲ ਜਾਂ ਤਕਨੀਕੀ ਗਲਤੀਆਂ/ਅਸਫ਼ਲਤਾਵਾਂ ਜਾਂ ਪਾਵਰ ਬੰਦ, ਦੂਰਸੰਚਾਰ ਵਿੱਚ ਨੁਕਸ ਜਾਂ ਅਸਫਲਤਾ ਆਦਿ ਸ਼ਾਮਲ ਹਨ।

e) ਇਕਵਚਨ ਵਿੱਚ ਬਹੁਵਚਨ ਅਤੇ ਬਹੁਵਚਨ ਵਿੱਚ ਇੱਕਵਚਨ ਸ਼ਾਮਲ ਹੁੰਦੇ ਹਨ

f) ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਸਿਰਲੇਖ ਸਿਰਫ਼ ਸੰਦਰਭ ਦੀ ਸਹੂਲਤ ਲਈ ਸ਼ਾਮਲ ਕੀਤੇ ਜਾਂਦੇ ਹਨ

g) "ਸ਼ਾਮਲ" ਜਾਂ "ਸਮੇਤ" ਸ਼ਬਦਾਂ ਦਾ ਹਵਾਲਾ ਬਿਨਾਂ ਕਿਸੇ ਸੀਮਾ ਦੇ ਸਮਝਿਆ ਜਾਵੇਗਾ;

h) ਲਿੰਗ ਦੇ ਸੰਦਰਭ ਵਿੱਚ ਔਰਤ, ਪੁਰਸ਼ ਅਤੇ ਨਿਰਪੱਖ ਲਿੰਗ ਦਾ ਹਵਾਲਾ ਸ਼ਾਮਲ ਹੋਵੇਗਾ;

i) ਕਿਸੇ ਵੀ ਮਾਮਲੇ ਵਿੱਚ YES Bank ਤੋਂ ਲੋੜੀਂਦੀਆਂ ਸਾਰੀਆਂ ਮਨਜ਼ੂਰੀਆਂ, ਇਜਾਜ਼ਤਾਂ, ਸਹਿਮਤੀਆਂ ਜਾਂ ਸਵੀਕ੍ਰਿਤੀ ਲਈ YES Bank ਦੀ ਪੂਰਵ ਲਿਖਤੀ ਮਨਜ਼ੂਰੀ, ਇਜਾਜ਼ਤ, ਸਹਿਮਤੀ ਜਾਂ ਸਵੀਕ੍ਰਿਤੀ ਦੀ ਲੋੜ ਹੋਵੇਗੀ;

j) ਜੇਕਰ YES Bank/EBICASH ਅਤੇ ਗਾਹਕ ਵਿਚਕਾਰ ਕਿਸੇ ਵੀ ਘਟਨਾ, ਮਾਮਲੇ, ਪਰਿਸਥਿਤੀ, ਤਬਦੀਲੀ, ਤੱਥ, ਜਾਣਕਾਰੀ, ਦਸਤਾਵੇਜ਼, ਅਧਿਕਾਰ, ਕਾਰਵਾਈ, ਐਕਟ, ਭੁੱਲ, ਦਾਅਵੇ, ਉਲੰਘਣ, ਡਿਫਾਲਟ ਜਾਂ ਕਿਸੇ ਹੋਰ ਦੀ ਭੌਤਿਕਤਾ ਨੂੰ ਲੈ ਕੇ ਕੋਈ ਅਸਹਿਮਤੀ ਜਾਂ ਵਿਵਾਦ ਹੁੰਦਾ ਹੈ, ਤਾਂ ਉਪਰੋਕਤ ਵਿੱਚੋਂ ਕਿਸੇ ਦੀ ਵੀ ਭੌਤਿਕਤਾ ਲਈ YES Bank/EbixCash ਦੀ ਰਾਏ ਨੂੰ ਅੰਤਮ ਮੰਨਿਆ ਜਾਵੇਗਾ ਅਤੇ ਗਾਹਕ ਨੂੰ ਇਸਨੂੰ ਮੰਨਣਾ ਪਵੇਗਾ।

III. **ਨਿਯਮ ਅਤੇ ਸ਼ਰਤਾਂ ਨੂੰ ਲਾਗੂ ਕਰਨ ਦੀ ਯੋਗਤਾ:**

a) ਆਮ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਇਹ ਨਿਯਮ ਅਤੇ ਸ਼ਰਤਾਂ GIFT ਪ੍ਰੀਪੇਡ ਕਾਰਡ ਦੀ ਵਰਤੋਂ ਲਈ ਗਾਹਕ ਅਤੇ YES Bank/EbixCash ਵਿਚਕਾਰ ਸਮੁੱਚਾ ਇਕਰਾਰਨਾਮੇ ਦਾ ਗਠਨ ਕਰਦੇ ਹਨ

b) GIFT ਪ੍ਰੀਪੇਡ ਕਾਰਡ YES Bank/EbixCash ਦੁਆਰਾ, YES Bank ਵੱਲੋਂ ਸਮੇਂ-ਸਮੇਂ ਨਿਰਧਾਰਿਤ ਕੀਤੇ ਗਏ ਯੋਗਤਾ ਮਾਪਦੰਡ ਨੂੰ ਗਾਹਕ ਦੁਆਰਾ ਪੂਰਾ ਕੀਤੇ ਜਾਣ ਤੋਂ ਬਾਅਦ ਜਾਰੀ ਕੀਤਾ ਜਾਵੇਗਾ।

c) GIFT ਪ੍ਰੀਪੇਡ ਕਾਰਡ ਕਿਸੇ ਹੋਰ ਵਿਅਕਤੀ ਜਾਂ ਪਾਰਟੀ ਨੂੰ ਟ੍ਰਾਂਸਫਰ ਕਰਨ ਯੋਗ ਨਹੀਂ ਹੋਵੇਗਾ

d) GIFT ਪ੍ਰੀਪੇਡ ਕਾਰਡ 'ਤੇ ਅਪਲੋਡ ਕੀਤੇ ਜਾਣ ਲਈ ਅਧਿਕਤਮ ਕ੍ਰੈਡਿਟ ਬੈਲੇਂਸ INR 10,000/- (ਸਿਰਫ਼ ਦਸ ਹਜ਼ਾਰ ਰੁਪਏ) ਤੱਕ ਸੀਮਿਤ ਹੋਵੇਗਾ।

e) GIFT ਪ੍ਰੀਪੇਡ ਕਾਰਡ ਸਿਰਫ਼ ਭਾਰਤ ਦੀ ਖੇਤਰੀ ਸੀਮਾ ਦੇ ਅੰਦਰ ਅਤੇ ਸਿਰਫ਼ ਭਾਰਤੀ ਰੁਪਏ ਵਿੱਚ ਲੈਣ-ਦੇਣ ਲਈ ਵੈਧ ਹੋਵੇਗਾ। GIFT ਕਾਰਡ ਦੀ ਵਰਤੋਂ ਭਾਰਤ ਦੀ ਖੇਤਰੀ ਸੀਮਾ ਤੋਂ ਬਾਹਰ ਜਾਂ ਵਿਦੇਸ਼ੀ ਮੁਦਰਾ ਵਿੱਚ ਕਿਸੇ ਵੀ ਲੈਣ-ਦੇਣ ਲਈ ਨਹੀਂ ਕੀਤੀ ਜਾ ਸਕਦੀ।

f) GIFT ਪ੍ਰੀਪੇਡ ਕਾਰਡ YES Bank/EbixCash ਦੀ ਵਿਸ਼ੇਸ਼ ਸੰਪੱਤੀ ਹੈ।

g) ਗਾਹਕ ਨੂੰ GIFT ਪ੍ਰੀਪੇਡ ਕਾਰਡ ਮਿਲਣ ਤੋਂ ਤੁਰੰਤ ਬਾਅਦ ਇਸਦੇ ਪਿਛਲੇ ਪਾਸੇ ਦਸਤਖ਼ਤ ਕਰਨ ਦੀ ਲੋੜ ਹੋਵੇਗੀ। YES Bank/EbixCash ਦਸਤਖ਼ਤ ਦੇ ਮੌਜੂਦ ਨਾ ਹੋਣ ਜਾਂ ਇਸਦੇ ਮੇਲ ਨਾ ਖਾਣ ਦੀ ਸਥਿਤੀ ਵਿੱਚ ਗਾਹਕ ਨੂੰ ਬਿਨਾਂ ਕਿਸੇ ਨੋਟਿਸ ਜਾਂ ਸੂਚਨਾ ਦੇ ਕਿਸੇ ਵੀ ਲੈਣ-ਦੇਣ ਨੂੰ ਅਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਕਰਦਾ ਹੈ।

h) ਬੈਲੇਂਸ ਜਾਂਚ ਲੈਣ-ਦੇਣ ਲਈ GIFT ਪ੍ਰੀਪੇਡ ਕਾਰਡ ਆਟੋਮੇਟਿਡ ਟੈਲਰ ਮਸ਼ੀਨਾਂ ("ATM") 'ਤੇ ਵਰਤਿਆ ਜਾ ਸਕਦਾ ਹੈ।

i) YES Bank/EbixCash ਕਿਸੇ ਵੀ ਸਮੇਂ GIFT ਪ੍ਰੀਪੇਡ ਕਾਰਡ ਵਿੱਚ ਰੱਖੇ ਕਿਸੇ ਵੀ ਬੈਲੇਂਸ 'ਤੇ ਕੋਈ ਵੀ ਵਿਆਜ਼ ਅਦਾ ਕਰਨ ਲਈ ਜਵਾਬਦੇਹ ਨਹੀਂ ਹੋਵੇਗਾ।

j) YES Bank/EbixCash ਗਾਹਕ ਦੇ ਰਜਿਸਟਰਡ ਮੋਬਾਈਲ ਨੰਬਰ 'ਤੇ SMS ਰਾਹੀਂ GIFT ਪ੍ਰੀਪੇਡ ਕਾਰਡ ਦੀ ਮਿਆਦ ਪੁੱਗਣ ਤੋਂ 45 ਦਿਨ ਪਹਿਲਾਂ ਗਾਹਕ ਨੂੰ ਸੂਚਿਤ ਕਰੇਗਾ। ਗਾਹਕ ਨੂੰ GIFT ਪ੍ਰੀਪੇਡ ਕਾਰਡ ਦੀ ਮਿਆਦ ਪੁੱਗਣ ਤੋਂ ਪਹਿਲਾਂ GIFT ਪ੍ਰੀਪੇਡ ਕਾਰਡ ਵਿੱਚ ਉਪਲਬਧ ਪੂਰੇ ਕ੍ਰੈਡਿਟ ਬੈਲੇਂਸ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। ਜੇਕਰ ਗਾਹਕ ਵੈਧਤਾ ਮਿਆਦ ਦੇ ਅੰਦਰ GIFT ਪ੍ਰੀਪੇਡ ਕਾਰਡ ਵਿੱਚ ਉਪਲਬਧ ਕ੍ਰੈਡਿਟ ਬੈਲੇਂਸ ਦੀ ਵਰਤੋਂ ਨਹੀਂ ਕਰਦਾ ਹੈ, ਤਾਂ ਗਾਹਕ ਨਵੇਂ GIFT ਕਾਰਡ ਵਿੱਚ ਬਕਾਇਆ ਬੈਲੇਂਸ ਨੂੰ ਟ੍ਰਾਂਸਫਰ ਕਰਨ ਲਈ YES Bank/EbixCash ਨਾਲ ਸੰਪਰਕ ਕਰ ਸਕਦਾ ਹੈ। ਜੇਕਰ ਗਾਹਕ ਨਿਰਧਾਰਿਤ ਸਮੇਂ ਦੇ ਅੰਦਰ YES Bank/EbixCash ਨਾਲ ਸੰਪਰਕ ਨਹੀਂ ਕਰਦਾ, ਤਾਂ GIFT ਪ੍ਰੀਪੇਡ ਕਾਰਡ 'ਤੇ ਉਪਲਬਧ ਬਕਾਇਆ ਕ੍ਰੈਡਿਟ ਬੈਲੇਂਸ ਨਿਯਾਮਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇੱਕ ਫੰਡ ਵਿੱਚ ਟ੍ਰਾਂਸਫਰ ਕੀਤਾ ਜਾਵੇਗਾ।

IV. **ਕਾਰਡ ਜਾਰੀ ਕਰਨਾ ਅਤੇ ਵਰਤਣਾ**

a) ਗਾਹਕ ਬਿਨਾਂ ਕਿਸੇ ਸ਼ਰਤ ਅਤੇ ਅਬਲਦਵੇਂ ਤੌਰ 'ਤੇ YES Bank/EbixCash ਨੂੰ ਗਾਹਕ ਜਾਂ ਗਾਹਕ ਨੂੰ ਕਾਰਡ ਵੰਡਣ ਵਾਲੀ ਕਿਸੇ ਸੰਸਥਾ ਨੂੰ GIFT ਪ੍ਰੀਪੇਡ ਕਾਰਡ ਡਿਲੀਵਰ ਕਰਨ ਅਤੇ ਸੰਭਾਲਣ ਦਾ ਅਧਿਕਾਰ ਦਿੰਦਾ ਹੈ। YES Bank ਗਾਹਕ ਨੂੰ GIFT ਪ੍ਰੀਪੇਡ ਕਾਰਡ ਦੀ ਡਿਲੀਵਰੀ ਦੇ ਸਬੰਧ ਵਿੱਚ, ਸੰਸਥਾ ਦੀ ਕਿਸੇ ਵੀ ਕਾਰਵਾਈ ਜਾਂ ਭੁੱਲ ਲਈ ਜਵਾਬਦੇਹ ਜਾਂ ਜ਼ਿੰਮੇਵਾਰ ਨਹੀਂ ਹੋਵੇਗਾ।

b) YES Bank /EbixCash ਅਤੇ ਵਪਾਰੀ ਅਦਾਰੇ, ਗਾਹਕ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ, ਕਿਸੇ ਵੀ ਵਜ੍ਹਾ ਕਰਕੇ ਕਿਸੇ ਵੀ ਸਮੇਂ GIFT ਪ੍ਰੀਪੇਡ ਕਾਰਡ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਰਾਖਵਾਂ ਕਰਦੇ ਹਨ।

c) GIFT ਪ੍ਰੀਪੇਡ ਕਾਰਡ ਦੀ ਵਰਤੋਂ ਸਿਰਫ਼ ਨਿੱਜੀ ਜਾਂ ਅਧਿਕਾਰਤ ਉਦੇਸ਼ਾਂ ਲਈ ਹੀ ਕੀਤੀ ਜਾਵੇਗੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੁੱਝ ਵਪਾਰੀ ਅਦਾਰਿਆਂ ਦੇ ਮਾਮਲੇ ਵਿੱਚ ਖ਼ਰਚਿਆਂ ਵਿੱਚ ਉਨ੍ਹਾਂ ਵਪਾਰੀ ਅਦਾਰਿਆਂ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਕਿਸੇ ਵਾਧੂ ਸੇਵਾ ਜਾਂ ਹੋਰ ਸਹੂਲਤ ਪ੍ਰਾਪਤ ਕਰਨ ਲਈ ਖ਼ਰਚੇ ਸ਼ਾਮਲ ਹੋ ਸਕਦੇ ਹਨ।

d) ਗਾਹਕ ਵਪਾਰੀ ਅਦਾਰੇ 'ਤੇ ਕੀਤੇ ਗਏ ਹਰੇਕ ਲੈਣ-ਦੇਣ ਲਈ ਬਣਾਈਆਂ ਗਈਆਂ ਸਾਰੀਆਂ ਚਾਰਜ ਸਲਿੱਪਾਂ 'ਤੇ ਦਸਤਖ਼ਤ ਕਰੇਗਾ ਅਤੇ ਆਪਣੇ ਕੋਲ ਰੱਖੇਗਾ। YES Bank EbixCash ਗਾਹਕ ਨੂੰ ਚਾਰਜ ਸਲਿੱਪਾਂ ਜਾਂ ਟ੍ਰਾਂਜੈਕਸ਼ਨ ਸਲਿੱਪਾਂ ਦੀਆਂ ਕਾਪੀਆਂ ਪ੍ਰਦਾਨ ਕਰਨ ਲਈ ਪਾਬੰਦ ਨਹੀਂ ਹੋਵੇਗਾ। ਗਾਹਕ ਦੁਆਰਾ ਅਜਿਹੀ ਕੋਈ ਵੀ ਮੰਗ YES Bank/EbixCash ਦੇ ਇੱਕਮਾਤਰ ਫ਼ੈਸਲੇ ਨਾਲ ਹੋਵੇਗੀ ਅਤੇ ਬਸ਼ਰਤੇ ਕਿ ਅਜਿਹੀ ਮੰਗ ਗਾਹਕ ਦੁਆਰਾ ਲੈਣ-ਦੇਣ ਦੀ ਮਿਤੀ ਤੋਂ ਪੰਤਾਲੀ (45) ਦਿਨਾਂ ਦੇ ਅੰਦਰ ਕੀਤੀ ਗਈ ਹੋਵੇ। ਗਾਹਕ ਸਹਿਮਤ ਹੁੰਦਾ ਹੈ ਕਿ YES Bank/EbixCash ਚਾਰਜ ਜਾਂ ਲੈਣ-ਦੇਣ ਰਸੀਦਾਂ ਦੀਆਂ ਕਾਪੀਆਂ ਪ੍ਰਦਾਨ ਕਰਨ ਲਈ ਵਾਧੂ ਲਾਗਤ ਜਾਂ ਖ਼ਰਚੇ ਵਸੂਲ ਕਰਨ ਦਾ ਹੱਕਦਾਰ ਹੋਵੇਗਾ।

e) ਵਪਾਰੀ ਸਥਾਪਨਾ ਦੁਆਰਾ ਕਿਸੇ ਵੀ ਲੈਣ-ਦੇਣ ਦੇ ਸਬੰਧ ਵਿੱਚ ਲਗਾਇਆ ਗਿਆ ਕੋਈ ਵੀ ਖ਼ਰਚਾ ਜਾਂ ਲਾਗਤ, ਗਾਹਕ ਦੁਆਰਾ ਸਿੱਧਾ ਵਪਾਰੀ ਸਥਾਪਨਾ ਨਾਲ ਨਿਪਟਾਇਆ ਜਾਵੇਗਾ। YES Bank/EbixCash ਮਾਸਟਰ ਮਰਚੈਂਟ ਦੀ ਕਿਸੇ ਵੀ ਕਾਰਵਾਈ ਜਾਂ ਭੁੱਲ ਜਾਂ ਲੈਣ-ਦੇਣ ਦੇ ਸੰਬੰਧ ਵਿੱਚ ਉਹਨਾਂ ਦੁਆਰਾ ਲਗਾਏ ਗਏ ਖ਼ਰਚਿਆਂ ਜਾਂ ਲਾਗਤਾਂ ਲਈ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਜਵਾਬਦੇਹ ਜਾਂ ਜ਼ਿੰਮੇਵਾਰ ਨਹੀਂ ਹੋਵੇਗਾ।

f) ਡਿਵਾਈਸ ਤਰੁੱਟੀ ਜਾਂ ਸੰਚਾਰ ਲਿੰਕ ਦੇ ਕਾਰਨ ਕਿਸੇ ਵੀ ਵਪਾਰੀ ਅਦਾਰੇ ਦੇ ਬਕਾਇਆ ਪਏ ਸਾਰੇ ਰਿਫੰਡ ਅਤੇ ਅਡਜਸਟਮੈਂਟਾਂ ਨੂੰ ਹੱਥੀਂ ਸੰਸਾਧਿਤ ਕੀਤਾ ਜਾਵੇਗਾ ਅਤੇ YES Bank/EbixCash ਦੇ ਲਾਗੂ ਨਿਯਮਾਂ, ਨਿਯਮਾਂ ਅਤੇ ਅੰਦਰੂਨੀ ਨੀਤੀ ਦੇ ਅਨੁਸਾਰ YES Bank/EbixCash ਦੁਆਰਾ ਉਚਿਤ ਤਸਦੀਕ ਤੋਂ ਬਾਅਦ ਕਾਰਡ ਅਕਾਊਂਟ ਨੂੰ ਕ੍ਰੈਡਿਟ ਕੀਤਾ ਜਾਵੇਗਾ। ਗਾਹਕ ਸਹਿਮਤ ਹੁੰਦਾ ਹੈ ਕਿ YES Bank/EbixCash ਦੁਆਰਾ ਵਿਚਾਰ ਅਧੀਨ ਕਿਸੇ ਵੀ ਵਿਵਾਦਿਤ ਰਕਮ ਧਿਆਨ ਵਿੱਚ ਰੱਖੇ ਬਿਨਾਂ ਸਿਰਫ਼ ਕਾਰਡ ਅਕਾਊਂਟ ਵਿੱਚ ਉਪਲਬਧ ਕ੍ਰੈਡਿਟ ਬੈਲੇਂਸ ਦੇ ਆਧਾਰ 'ਤੇ ਬਾਅਦ ਦੇ ਕਿਸੇ ਵੀ ਲੈਣ-ਦੇਣ ਨੂੰ ਸਵੀਕਾਰ ਜਾਂ ਪ੍ਰਮਾਣਿਤ ਕੀਤਾ ਜਾਵੇਗਾ। ਕਾਰਡ ਅਕਾਊਂਟ ਵਿੱਚ ਨਾਕਾਫ਼ੀ ਫੰਡਾਂ ਦੇ ਨਤੀਜੇ ਵਜੋਂ ਭੁਗਤਾਨ ਨਿਰਦੇਸ਼ਾਂ ਦੀ ਉਲੰਘਣਾ ਕਰਨ ਕਰਕੇ ਗਾਹਕ YES Bank/EbixCash ਨੂੰ ਬਿਨਾਂ ਕਿਸੇ ਸ਼ਰਤ YES Bank/EbixCash ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਮੁਆਵਜ਼ਾ ਅਦਾ ਕਰੇਗਾ। ਗਾਹਕ ਸਹਿਮਤੀ ਦਿੰਦਾ ਹੈ ਕਿ YES Bank/EbixCash ਨੂੰ ਹੋਏ ਇਸ ਨੁਕਸਾਨ ਜਾਂ ਹਾਨੀ ਦੀ ਰਕਮ ਨੂੰ YES Bank/EbixCash ਸਿੱਧਾ ਕਾਰਡ ਅਕਾਊਂਡ ਦੀ ਰਕਮ 'ਚੋਂ ਕੱਟਣ ਦਾ ਹੱਕਦਾਰ ਹੋਵੇਗਾ।

g) ਗਾਹਕ ਸਵੀਕਾਰ ਕਰਦਾ ਹੈ ਕਿ ਗਾਹਕ ਦੁਆਰਾ ਕਿਸੇ ਹੋਰ ਭੁਗਤਾਨ ਸਾਧਨ ਦੀ ਵਰਤੋਂ ਕਰਕੇ ਅਸਫ਼ਲ ਹੋਏ, ਵਾਪਸ ਕੀਤੇ, ਅਸਵੀਕਾਰ ਜਾਂ ਰੱਦ ਕੀਤੇ ਗਏ ਲੈਣ-ਦੇਣਾਂ ਦੀ ਸਥਿਤੀ ਵਿੱਚ ਸਾਰੇ ਰਿਫੰਡ GIFT ਪ੍ਰੀਪੇਡ ਕਾਰਡ ਵਿੱਚ ਕ੍ਰੈਡਿਟ ਨਹੀਂ ਕੀਤੇ ਜਾ ਸਕਦੇ ਹਨ।

h) ਕਾਰਡ ਮੈਂਬਰ GIFT ਪ੍ਰੀਪੇਡ ਕਾਰਡ ਨਾਲ ਜੁੜੇ ਸਾਰੇ ਲੈਣ-ਦੇਣ ਦੇ ਸੰਬੰਧ ਵਿੱਚ ਹਰ ਸਮੇਂ ਨੇਕ ਇਰਾਦੇ ਨਾਲ ਕੰਮ ਕਰਨ ਦੀ ਜ਼ਿੰਮੇਵਾਰੀ ਲੈਂਦਾ ਹੈ। ਗਾਹਕ ਇੱਥੇ ਦਿੱਤੇ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਵਿੱਚ GIFT ਪ੍ਰੀਪੇਡ ਕਾਰਡ ਦੀ ਕਿਸੇ ਵੀ ਗ਼ੈਰ-ਕਨੂੰਨੀ ਜਾਂ ਗ਼ਲਤ ਵਰਤੋਂ ਲਈ ਪੂਰੀ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ ਅਤੇ YES Bank/EbixCash ਨੂੰ ਉਸ ਕਿਸੇ ਵੀ ਨੁਕਸਾਨ, ਹਾਨੀ, ਵਿਆਜ਼, ਤਬਦੀਲੀ, ਕਿਸੇ ਹੋਰ ਵਿੱਤੀ ਖ਼ਰਚੇ ਲਈ ਮੁਆਵਜ਼ਾ ਦੇਣ ਲਈ ਸਹਿਮਤ ਹੁੰਦਾ ਹੈ ਜੋ YES Bank/EbixCash ਨੂੰ, ਗਾਹਕ ਦੁਆਰਾ ਇੱਥੇ ਦਿੱਤੇ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਦੇ ਨਤੀਜੇ ਵਜੋਂ, ਸਿੱਧੇ ਜਾਂ ਅਸਿੱਧੇ ਤੌਰ 'ਤੇ ਹੋ ਸਕਦਾ ਹੈ ਅਤੇ/ਜਾਂ ਸਹਿਣਾ ਪੈ ਸਕਦਾ ਹੈ।

i) ਗਾਹਕ ਸਹਿਮਤੀ ਦਿੰਦਾ ਹੈ ਕਿ ਉਹ ਲਾਗੂ ਕਨੂੰਨ ਦੇ ਤਹਿਤ ਕੋਈ ਵੀ ਗ਼ੈਰ-ਕਨੂੰਨੀ ਵਸਤੂਆਂ ਅਤੇ ਸੇਵਾਵਾਂ ਦਾ ਭੁਗਤਾਨ ਕਰਨ ਲਈ GIFT ਪ੍ਰੀਪੇਡ ਕਾਰਡ ਦੀ ਵਰਤੋਂ ਨਹੀਂ ਕਰੇਗਾ। GIFT ਪ੍ਰੀਪੇਡ ਕਾਰਡ ਦੀ ਵਰਤੋਂ ਵਰਜਿਤ ਜਾਂ ਪਾਬੰਦੀਸ਼ੁਦਾ ਉਤਪਾਦਾਂ ਜਾਂ ਸੇਵਾਵਾਂ, ਜਿਵੇਂ ਕਿ ਲਾਟਰੀ ਟਿਕਟਾਂ, ਪਾਬੰਦੀਸ਼ੁਦਾ ਜਾਂ ਵਰਜਿਤ ਮੈਗਜ਼ੀਨਾਂ ਨੂੰ ਖਰੀਦਣ ਲਈ, ਸਵੀਪਸਟੇਕਸ ਵਿੱਚ ਭਾਗੀਦਾਰੀ, ਬਿਟਕੌਇਨਾਂ ਦੀ ਖਰੀਦ, ਕਾਲ-ਬੈਕ ਸੇਵਾਵਾਂ ਲਈ ਭੁਗਤਾਨ ਆਦਿ ਲਈ ਨਹੀਂ ਕੀਤੀ ਜਾ ਸਕਦੀ।

j) ਗਾਹਕ ਇਸ ਦੁਆਰਾ ਸਵੀਕਾਰ ਕਰਦਾ ਹੈ ਅਤੇ ਸਹਿਮਤੀ ਦਿੰਦਾ ਹੈ ਕਿ GIFT ਪ੍ਰੀਪੇਡ ਕਾਰਡ ਨੂੰ ਰੀਲੋਡ ਨਹੀਂ ਕੀਤਾ ਜਾ ਸਕਦਾ ਹੈ।

k) ਗਾਹਕ ਇਸ ਦੁਆਰਾ ਸਵੀਕਾਰ ਕਰਦਾ ਹੈ ਅਤੇ ਸਹਿਮਤੀ ਦਿੰਦਾ ਹੈ ਕਿ ਜੇਕਰ GIFT ਪ੍ਰੀਪੇਡ ਕਾਰਡ 'ਤੇ ਲਗਾਤਾਰ ਇੱਕ (1) ਸਾਲ ਦੀ ਮਿਆਦ ਲਈ ਕੋਈ ਲੈਣ-ਦੇਣ ਨਹੀਂ ਹੁੰਦਾ, ਤਾਂ GIFT ਪ੍ਰੀਪੇਡ ਕਾਰਡ ਦੀ ਵੈਧਤਾ ਦੇ ਅਧੀਨ, ਗਾਹਕ ਨੂੰ ਨੋਟਿਸ ਭੇਜਣ ਤੋਂ ਬਾਅਦ GIFT ਪ੍ਰੀਪੇਡ ਕਾਰਡ ਨੂੰ YES Bank/EbixCash ਦੁਆਰਾ ਅਕਿਰਿਆਸ਼ੀਲ ਕਰ ਦਿੱਤਾ ਜਾਵੇਗਾ। YES Bank/EbixCash ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਿਤ ਕੀਤੇ ਗਏ ਪ੍ਰਮਾਣਿਕਤਾ ਅਤੇ ਲੋੜੀਂਦੀ ਉਚਿਤ ਮਿਹਨਤ ਤੋਂ ਬਾਅਦ GIFT ਪ੍ਰੀਪੇਡ ਕਾਰਡ ਨੂੰ ਸਿਰਫ਼ YES Bank/EbixCash ਦੁਆਰਾ ਮੁੜ ਕਿਰਿਆਸ਼ੀਲ ਕੀਤਾ ਜਾ ਸਕਦਾ ਹੈ।

l) ਗਾਹਕ ਇਸ ਤਰ੍ਹਾਂ GIFT ਪ੍ਰੀਪੇਡ ਕਾਰਡ ਦੀ ਵਰਤੋਂ ਕਰਕੇ ਕੀਤੇ ਗਏ ਸਾਰੇ ਲੈਣ-ਦੇਣ ਲਈ YES Bank/EbixCash ਤੋਂ SMS ਜਾਂ ਈਮੇਲ ਚੇਤਾਵਨੀਆਂ ਪ੍ਰਾਪਤ ਕਰਨ ਲਈ ਸਹਿਮਤ ਹੁੰਦਾ ਹੈ। YES Bank/EbixCash ਤੋਂ SMS ਜਾਂ ਈਮੇਲ ਚੇਤਾਵਨੀਆਂ, ਸਮੇਂ-ਸਮੇਂ 'ਤੇ ਡੈਬਿਟ ਅਤੇ ਕ੍ਰੈਡਿਟ ਲੈਣ-ਦੇਣ, GIFT ਪ੍ਰੀਪੇਡ ਕਾਰਡ 'ਤੇ ਉਪਲਬਧ ਜਾਂ ਬਾਕੀ ਬਚੀ ਰਕਮ ਜਾਂ ਅਜਿਹੀ ਹੋਰ ਜਾਣਕਾਰੀ ਜਾਂ ਵੇਰਵਿਆਂ ਨੂੰ ਨਿਰਧਾਰਤ ਕਰਨਗੀਆਂ, ਜਿਵੇਂ ਕਿ YES Bank/EbixCash ਦੁਆਰਾ ਨਿਰਧਾਰਤ ਕੀਤਾ ਗਿਆ ਹੈ।

m) ਗਾਹਕ ਸਹਿਮਤ ਹੁੰਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਨਿੱਜੀ ਪਛਾਣ ਨੰਬਰ ("PIN") ਕਿਸੇ ਵੀ ਸਥਿਤੀ ਵਿੱਚ ਗਾਹਕ ਦੁਆਰਾ ਕਿਸੇ ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰਾਂ ਜਾਂ ਤੀਜੀ ਧਿਰ ਨੂੰ ਪ੍ਰਗਟ ਨਹੀਂ ਕੀਤਾ ਜਾਣਾ ਚਾਹੀਦਾ ਹੈ। ਪਿੰਨ ਦੇ ਅਜਿਹੇ ਅਣਅਧਿਕਾਰਤ ਖੁਲਾਸੇ ਅਤੇ/ਜਾਂ GIFT ਪ੍ਰੀਪੇਡ ਕਾਰਡ ਦੀ ਅਣਅਧਿਕਾਰਤ ਵਰਤੋਂ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਲਈ ਗਾਹਕ ਪੂਰੀ ਤਰ੍ਹਾਂ ਜ਼ਿੰਮੇਵਾਰ ਅਤੇ ਜਵਾਬਦੇਹ ਹੋਵੇਗਾ। ਗਾਹਕ YES Bank/EbixCash ਦੀ ਸਾਰੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ ਜੋ GIFT ਪ੍ਰੀਪੇਡ ਕਾਰਡ ਦੀ ਅਣਅਧਿਕਾਰਤ ਵਰਤੋਂ ਅਤੇ/ਜਾਂ ਕਿਸੇ ਵੀ ਨੁਕਸਾਨ ਜਾਂ ਖ਼ਰਾਬੀ, ਭਾਵੇਂ ਸਿੱਧੇ ਜਾਂ ਅਸਿੱਧੇ, ਦੇ ਨਤੀਜੇ ਵਜੋਂ ਅਜਿਹੀ ਕਿਸੇ ਵੀ ਦੁਰਵਰਤੋਂ ਕਾਰਨ YES Bank/EbixCash ਦੁਆਰਾ

ਲਾਏ ਜਾਂਦੇ ਹਨ। ਜੇਕਰ ਗਾਹਕ PIN ਭੁੱਲ ਜਾਂਦਾ ਹੈ ਜਾਂ ਗਲਤ ਜਾਂ ਦਿੰਦਾ ਹੈ, ਤਾਂ ਗਾਹਕ ਨੂੰ ਨਵੇਂ PIN ਲਈ ਤੁਰੰਤ ਲਿਖਤੀ ਰੂਪ ਵਿੱਚ ਅਰਜ਼ੀ ਦੇਣੀ ਚਾਹੀਦੀ ਹੈ ਜਾਂ ਗਾਹਕ ਦੇਖਭਾਲ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਨਵਾਂ PIN ਗਾਹਕ ਦੇ ਰਜਿਸਟਰਡ ਈਮੇਲ ਪਤੇ 'ਤੇ ਭੇਜਿਆ ਜਾਵੇਗਾ, ਜੋ ਕਿ YES Bank/EbixCash ਨੂੰ ਪ੍ਰਦਾਨ ਕੀਤਾ ਜਾਂ ਉਪਲਬਧ ਹੋ।

n) ਗਾਹਕ ਸਹਿਮਤੀ ਦਿੰਦਾ ਹੈ ਕਿ YES Bank/EbixCash, ਆਪਣੀ ਪੂਰੀ ਮਰਜ਼ੀ ਨਾਲ, ਆਪਣੀਆਂ ਸੇਵਾਵਾਂ ਦੇ ਸਬੰਧ ਵਿੱਚ ਬਾਹਰੀ ਸੇਵਾ ਪ੍ਰਦਾਤਾ/ਆਂ ਜਾਂ ਏਜੰਟਾਂ ਦੀਆਂ ਸੇਵਾਵਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੀਆਂ ਸ਼ਰਤਾਂ 'ਤੇ ਲੋੜੀਂਦਾ ਜਾਂ ਜ਼ਰੂਰੀ ਹੈ।

o) ਗਾਹਕ ਨੂੰ YES Bank/EbixCash ਦੁਆਰਾ ਸਮੇਂ-ਸਮੇਂ 'ਤੇ ਆਪਣੀ ਵੈੱਬਸਾਈਟ 'ਤੇ ਅੱਪਲੋਡ ਕੀਤੇ ਅਕਸਰ ਪੁੱਛੇ ਜਾਂਦੇ ਸਵਾਲਾਂ ("FAQ") ਤੱਕ ਪਹੁੰਚ ਹੋਵੇਗੀ।

## V. ਬਰੇਚ

a) ਗਾਹਕ ਦੁਆਰਾ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੀ ਕਿਸੇ ਵੀ ਉਲੰਘਣਾ ਦੀ ਸਥਿਤੀ ਵਿੱਚ, YES Bank/EbixCash ਨੂੰ YES Bank/EbixCash 'ਤੇ ਬਿਨਾਂ ਕਿਸੇ ਹੋਰ ਦਾਅਵੇ, ਮੰਗ ਜਾਂ ਵਿਵਾਦ ਦੇ, GIFT ਪ੍ਰੀਪੇਡ ਕਾਰਡ ਨੂੰ ਤੁਰੰਤ ਰੱਦ ਕਰਨ ਜਾਂ ਖਤਮ ਕਰਨ ਦਾ ਅਧਿਕਾਰ ਹੋਵੇਗਾ।

b) ਗਾਹਕ ਕਿਸੇ ਵੀ ਨੁਕਸਾਨ, ਹਾਨੀ, ਦਾਅਵੇ, ਜ਼ੁਰਮਾਨੇ, ਲਾਗਤ, ਵਸੂਲੀ ਜਾਂ ਖ਼ਰਚਾ (ਕਨੂੰਨੀ ਸਲਾਹਮ ਫੀਸ ਸਮੇਤ) ਦੇ ਖ਼ਿਲਾਫ਼ YES Bank/EbixCash ਨੂੰ ਮੁਆਵਜ਼ਾ ਦੇ ਲਈ ਸਹਿਮਤ ਹੁੰਦਾ ਹੈ ਅਤੇ ਜ਼ਿੰਮੇਵਾਰੀ ਲੈਂਦਾ ਹੈ ਕਿ ਗਾਹਕ ਦੁਆਰਾ ਇੱਥੇ ਨਿਹਿਤ ਨਿਯਮਾਂ ਅਤੇ ਸ਼ਰਤਾਂ ਦਾ ਉਲੰਘਣ ਕਰਨ ਦੇ ਨਤੀਜੇ ਵਜੋਂ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ YES Bank/EbixCash ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## VI. ਮਿਆਦ ਅਤੇ ਸਮਾਪਤੀ

a) GIFT ਪ੍ਰੀਪੇਡ ਕਾਰਡ ਛਪਾਈ ਦੀ ਮਿਤੀ ਤੋਂ ਇੱਕ (1) ਸਾਲਾਂ ਦੀ ਮਿਆਦ ਲਈ ਜਾਂ GIFT ਪ੍ਰੀਪੇਡ ਕਾਰਡ 'ਤੇ ਛਾਪੀ ਗਈ ਮਿਆਦ ਪੁੱਗਣ ਦੀ ਮਿਤੀ ਤੱਕ ਵੈਧ ਹੋਵੇਗਾ।

b) ਗਾਹਕ ਕਿਸੇ ਵੀ ਤੀਜੀ ਧਿਰ ਨੂੰ ਇਸਦੀ ਵਰਤੋਂ ਕਰਨ ਤੋਂ ਰੋਕਣ ਲਈ GIFT ਪ੍ਰੀਪੇਡ ਕਾਰਡ ਦੀ ਮਿਆਦ ਪੁੱਗਣ 'ਤੇ ਨਸ਼ਟ ਕਰਨ ਲਈ ਸਹਿਮਤ ਹੁੰਦਾ ਹੈ ਅਤੇ ਉਸ ਨੂੰ ਨਸ਼ਟ ਕਰਨ ਦਾ ਵਾਅਦਾ ਕਰਦਾ ਹੈ।

c) ਗਾਹਕ ਕਿਸੇ ਵੀ ਸਮੇਂ, YES Bank/EbixCash ਨੂੰ ਤੀਹ (30) ਦਿਨਾਂ ਦੀ ਪੂਰਵ ਲਿਖਤੀ ਸੂਚਨਾ ਦੇ ਕੇ, GIFT ਪ੍ਰੀਪੇਡ ਕਾਰਡ ਨੂੰ ਸਮਾਪਤ ਕਰਨ ਦੀ ਬੇਨਤੀ ਕਰ ਸਕਦਾ ਹੈ, ਗਾਹਕ ਦੁਆਰਾ ਹੌਟ ਵਾਸਤੇ ਬੇਨਤੀ ਕਰਨ ਤੇ ਬੱਚਤ ਕਰ ਸਕਦਾ ਹੈ ਅਤੇ ਇਸ ਨੂੰ ਛੱਡ ਕੇ GIFT ਪ੍ਰੀਪੇਡ ਕਾਰਡ ਨੂੰ ਸੂਚੀਬੱਧ ਜਾਂ ਬਲੌਕ ਕਰਨਾ, ਜਿਸ ਸਥਿਤੀ ਵਿੱਚ GIFT ਪ੍ਰੀਪੇਡ ਕਾਰਡ ਨੂੰ ਤਤਕਾਲ ਪ੍ਰਭਾਵ ਨਾਲ ਸਮਾਪਤ ਅਤੇ/ਜਾਂ ਰੱਦ ਕਰ ਦਿੱਤਾ ਜਾਵੇਗਾ।

d) ਗਾਹਕ ਸਮਝਦਾ ਹੈ ਕਿ ਅਜਿਹਾ ਨੋਟਿਸ ਉਦੋਂ ਤੱਕ ਪ੍ਰਭਾਵੀ ਨਹੀਂ ਹੋਵੇਗਾ ਜਦੋਂ ਤੱਕ ਕਿ ਇਹ ਯਕੀਨੀ ਬਣਾਉਂਦੇ ਹੋਏ ਕਿ ਹੋਲੋਗ੍ਰਾਮ ਅਤੇ ਚੁੰਬਕੀ ਪੱਟੀ ਦੋਵਾਂ ਨੂੰ ਕੱਟ ਦਿੱਤਾ ਗਿਆ ਹੈ ਅਤੇ ਨਸ਼ਟ ਕਰ ਦਿੱਤਾ ਗਿਆ ਹੈ ਜਾਂ YES Bank/EbixCash ਦੁਆਰਾ ਪ੍ਰਾਪਤ ਕੀਤਾ ਗਿਆ ਹੈ, GIFT ਪ੍ਰੀਪੇਡ ਕਾਰਡ ਨੂੰ ਉੱਪਰਲਾ ਸੱਜਾ ਕੋਨਾ ਕੱਟ ਕੇ ਨਸ਼ਟ ਨਹੀਂ ਕਰ ਦਿੱਤਾ ਜਾਂਦਾ ਹੈ।

ਗਾਹਕ ਸਹਿਮਤੀ ਦਿੰਦਾ ਹੈ ਕਿ ਗਾਹਕ GIFT ਪ੍ਰੀਪੇਡ ਕਾਰਡ ਦੀ ਸਮਾਪਤੀ ਤੋਂ ਪਹਿਲਾਂ GIFT ਪ੍ਰੀਪੇਡ ਕਾਰਡ 'ਤੇ ਲੱਗੇ ਕਿਸੇ ਵੀ ਖਰਚੇ **ਲਈ** ਜਵਾਬਦੇਹ ਰਹੇਗਾ, **ਇਸ** ਤੱਥ ਦੇ ਬਾਵਜੂਦ ਕਿ ਗਾਹਕ ਨੇ GIFT ਪ੍ਰੀਪੇਡ ਕਾਰਡ ਨੂੰ ਨਸ਼ਟ **ਕਰ** ਦਿੱਤਾ ਹੈ ਜਾਂ ਦਾਅਵਾ ਕੀਤਾ ਹੈ।

e) YES BANK ਆਪਣੀ ਪੂਰੀ ਮਰਜ਼ੀ ਨਾਲ GIFT ਪ੍ਰੀਪੇਡ ਕਾਰਡ ਨੂੰ **ਖਤਮ ਕਰ** ਸਕਦਾ ਹੈ

(i) ਕਿਸੇ ਮਾਮਲੇ ਵਿੱਚ ਗਾਹਕ ਨੂੰ ਦੀਵਾਲੀਆ ਘੋਸ਼ਿਤ ਕੀਤਾ ਜਾਂਦਾ ਹੈ ਜਾਂ ਗਾਹਕ ਦੀ ਮੌਤ ਹੋ ਜਾਂਦੀ ਹੈ

(ii) ਗਾਹਕ ਦੁਆਰਾ ਇਹਨਾਂ "ਨਿਯਮ ਅਤੇ ਸ਼ਰਤਾਂ" ਦੇ ਅਧੀਨ ਕਿਸੇ ਵੀ ਨਿਯਮਾਂ, ਵਿਨਿਯਮਾਂ, ਸ਼ਰਤਾਂ ਜਾਂ **ਇਸ** ਦੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ **ਕਰਨ** ਦੀ ਸਥਿਤੀ ਵਿੱਚ

(iii) ਕਿਸੇ ਸਮਰੱਥ ਅਦਾਲਤ ਦੇ ਆਦੇਸ਼ ਜਾਂ ਭਾਰਤ ਵਿੱਚ ਕਿਸੇ ਰੈਗੂਲੇਟਰੀ ਜਾਂ ਕਨੂੰਨੀ ਅਥਾਰਟੀ ਜਾਂ ਕਿਸੇ ਜਾਂਚ ਏਜੰਸੀ ਦੁਆਰਾ ਜਾਰੀ ਕੀਤੇ **ਗਏ** ਆਦੇਸ਼ ਦੁਆਰਾ ਗਾਹਕ 'ਤੇ ਲਗਾਈ **ਗਈ** ਕਿਸੇ ਪਾਬੰਦੀ ਦੀ ਸਥਿਤੀ ਵਿੱਚ।

(iv) ਜੇਕਰ GIFT ਪ੍ਰੀਪੇਡ ਕਾਰਡ ਪ੍ਰੋਗਰਾਮ ਲਾਗੂ ਕਨੂੰਨਾਂ, ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਜਾਂ ਸਰਕੂਲਰ ਦੇ ਅਧੀਨ ਗੈਰ-ਕਾਨੂੰਨੀ ਹੋ ਜਾਂਦਾ ਹੈ।

(v) ਪੂਰਾ GIFT ਪ੍ਰੀਪੇਡ ਕਾਰਡ ਪ੍ਰੋਗਰਾਮ ਸਮਾਪਤ ਹੋਣ ਦੇ ਮਾਮਲੇ ਵਿੱਚ।

(f) YES Bank, ਆਪਣੀ ਮਰਜ਼ੀ ਨਾਲ, ਅਸਥਾਈ ਤੌਰ 'ਤੇ ਜਾਂ ਸਥਾਈ ਤੌਰ 'ਤੇ, GIFT ਪ੍ਰੀਪੇਡ ਕਾਰਡ 'ਤੇ ਵਿਸ਼ੇਸ਼ ਅਧਿਕਾਰਾਂ ਨੂੰ ਵਾਪਸ ਲੈਣ ਅਤੇ/ਜਾਂ GIFT ਪ੍ਰੀਪੇਡ ਕਾਰਡ ਨੂੰ ਕਿਸੇ ਵੀ ਸਮੇਂ ਕੋਈ ਨੋਟਿਸ ਦਿੱਤੇ ਜਾਂ ਕੋਈ ਕਾਰਨ ਦੱਸੇ ਬਿਨਾਂ **ਖਤਮ ਕਰਨ** ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਇੱਕ ਅਸਥਾਈ ਨਿਕਾਸੀ ਦੇ ਮਾਮਲੇ ਵਿੱਚ, GIFT ਪ੍ਰੀਪੇਡ ਕਾਰਡ ਨਾਲ ਜੁੜੇ ਵਿਸ਼ੇਸ਼ ਅਧਿਕਾਰ YES Bank ਦੁਆਰਾ ਆਪਣੀ ਮਰਜ਼ੀ ਨਾਲ ਬਹਾਲ ਕੀਤੇ ਜਾਣਗੇ। ਸਥਾਈ ਨਿਕਾਸੀ ਦੇ ਮਾਮਲੇ ਵਿੱਚ, YES Bank ਨੂੰ GIFT ਪ੍ਰੀਪੇਡ ਕਾਰਡ ਨੂੰ ਪੱਕੇ ਤੌਰ 'ਤੇ ਰੱਦ **ਕਰਨ** ਦਾ ਅਧਿਕਾਰ ਹੈ। ਹਾਲਾਂਕਿ, **ਇਹ** ਸਪੱਸ਼ਟ ਤੌਰ 'ਤੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਢਵਾਉਣਾ (ਅਸਥਾਈ ਜਾਂ ਸਥਾਈ) GIFT ਪ੍ਰੀਪੇਡ ਕਾਰਡ ਨਾਲ ਜੁੜੇ ਸਾਰੇ ਲਾਭਾਂ, ਵਿਸ਼ੇਸ਼ ਅਧਿਕਾਰਾਂ ਅਤੇ ਸੇਵਾਵਾਂ ਦੀ ਸਵੈ-ਚਲਿਤ ਨਿਕਾਸੀ ਬਣਦੀ ਹੈ। ਗਾਹਕ ਸਹਿਮਤੀ ਦਿੰਦਾ ਹੈ ਕਿ GIFT ਪ੍ਰੀਪੇਡ ਕਾਰਡ ਦੀ ਅਸਥਾਈ ਜਾਂ ਸਥਾਈ ਵਾਪਸੀ ਦੀ ਸਥਿਤੀ ਵਿੱਚ, ਗਾਹਕ ਅਜਿਹੀ ਵਾਪਸੀ ਤੋਂ ਪਹਿਲਾਂ GIFT ਪ੍ਰੀਪੇਡ ਕਾਰਡ 'ਤੇ ਲਗਾਏ **ਗਏ** ਸਾਰੇ ਖਰਚਿਆਂ **ਲਈ** ਅਤੇ **ਇਸ** 'ਤੇ ਲਾਗੂ ਹੋਣ ਵਾਲੇ ਹੋਰ ਸਾਰੇ ਖਰਚਿਆਂ ਦੇ ਨਾਲ, ਪੂਰੀ ਤਰ੍ਹਾਂ ਜਵਾਬਦੇਹ ਰਹੇਗਾ, ਜਦੋਂ ਤੱਕ ਕਿ YES Bank ਦੁਆਰਾ ਸਪੱਸ਼ਟ ਨਹੀਂ ਕੀਤਾ ਜਾਂਦਾ ਹੈ।

(g) ਜੇਕਰ YES Bank ਅਸਥਾਈ ਤੌਰ 'ਤੇ ਜਾਂ ਸਥਾਈ ਤੌਰ 'ਤੇ, ਵਿਸ਼ੇਸ਼ ਅਧਿਕਾਰਾਂ ਨੂੰ ਵਾਪਸ ਲੈ ਲੈਂਦਾ ਹੈ ਜਾਂ GIFT ਪ੍ਰੀਪੇਡ ਕਾਰਡ ਨੂੰ **ਖਤਮ** ਕਰਦਾ ਹੈ, ਤਾਂ YES Bank ਗਾਹਕ ਨੂੰ ਤੁਰੰਤ ਸੂਚਿਤ ਕਰੇਗਾ। YES Bank/EbixCash ਅਜਿਹੀ ਸੂਚਨਾ ਦੀ ਪ੍ਰਾਪਤੀ ਵਿੱਚ ਕਿਸੇ ਵੀ ਦੇਰੀ ਜਾਂ ਕਮੀ **ਲਈ** ਜਵਾਬਦੇਹ ਜਾਂ ਜ਼ਿੰਮੇਵਾਰ ਨਹੀਂ ਹੋਵੇਗਾ।

(h) ਉੱਪਰ ਦੱਸੇ ਦੱਸਿਆ ਗਿਆ ਹੈ ਕਿ GIFT ਪ੍ਰੀਪੇਡ ਕਾਰਡ ਦੀ ਸਮਾਪਤੀ 'ਤੇ, ਬਾਕੀ **ਰਕਮ**, ਜੇਕਰ ਕਾਡਰ ਖਾਤੇ ਵਿੱਚ ਕੋਈ **ਪਈ** ਹੈ, ਤਾਂ ਗਾਹਕ ਨੂੰ ਪੇ **ਆਰਡਰ** ਗਾਹਕ ਦੇ ਹੱਕ ਵਿੱਚ ਡਿਮਾਂਡ ਡ੍ਰਾਫ਼ਟ ਅਤੇ ਗਾਹਕ ਤੋਂ ਲਿਖਤੀ ਬੇਨਤੀ ਦੀ ਪ੍ਰਾਪਤੀ ਦੇ ਅਧੀਨ ਵਾਪਿਸ **ਕਰ** ਦਿੱਤਾ ਜਾਵੇਗਾ। ਗਾਹਕ ਬਕਾਇਆ **ਰਕਮ** ਦੀ ਵਾਪਸੀ **ਲਈ** YES Bank ਕੋਲ ਬੇਨਤੀ ਜਮ੍ਹਾਂ ਕਰਾਉਣ।

**VII. ਨੋਟਿਸ**

ਇਸਦੇ ਅਧੀਨ YES Bank/EbixCash ਦੁਆਰਾ ਦਿੱਤਾ ਜਾਣ ਵਾਲਾ ਕੋਈ ਵੀ ਨੋਟਿਸ, ਪੰਜੀਕਿਰਤ ਈਮੇਲ ਜਾਂ ਪ੍ਰਦਾਨ ਕੀਤੇ ਗਏ ਡਾਕ ਪਤੇ 'ਤੇ YES Bank/EbixCash ਦੁਆਰਾ ਭੇਜੇ ਗਏ ਨੋਟਿਸ ਜਾਂ ਈਮੇਲ ਦੀ ਮਿਤੀ ਤੋਂ ਸੱਤ (7) ਦਿਨਾਂ ਦੇ ਅੰਦਰ, ਗਾਹਕ ਦੁਆਰਾ ਪ੍ਰਾਪਤ ਕੀਤਾ ਗਿਆ ਜਾਂ YES Bank/EbixCash ਲਈ ਉਪਲਬਧ ਮੰਨਿਆ ਜਾਵੇਗਾ।

ਗਾਹਕ ਦੁਆਰਾ ਦਿੱਤੇ ਜਾਣ ਵਾਲੇ ਕਿਸੇ ਵੀ ਨੋਟਿਸ ਨੂੰ YES Bank/EbixCash ਦੁਆਰਾ ਅਜਿਹੇ ਨੋਟਿਸ ਦੀ ਪ੍ਰਾਪਤੀ ਦੀ ਰਸੀਦ ਤੋਂ ਬਾਅਦ ਹੀ ਮੰਨਿਆ ਜਾਵੇਗਾ, YES Bank/EbixCash ਕਿ ਇਹ ਨੋਟਿਸ 22ਜ਼ੀ ਮੰਜ਼ਲ, ਇੰਡੀਆਬੁਲਜ਼ ਫਾਇਨੈਂਸੀਅਲ ਸੈਂਟਰ, ਸੇਨਾਪਤੀ ਬਾਪਟ ਮਾਰਗ, ਏਲਫਿੰਸਟਨ (W), ਮੁੰਬਈ - 400013 'ਤੇ ਆਪਣੇ ਕਾਰਪੋਰੇਟ ਦਫਤਰ ਦੇ ਪਤੇ 'ਤੇ ਪ੍ਰਾਪਤ ਹੋਇਆ ਹੈ।
ਈਬਿਕਸ ਪੇਮੈਂਟ ਸਰਵਿਸਿਜ਼ ਪ੍ਰਾਈਵੇਟ ਲਿਮਿਟੇਡ, ਦੂਜੀ ਮੰਜ਼ਿਲ, ਮਾਨੇਕ ਪਲਾਜ਼ਾ, ਕਲੀਨਾ CST ਰੋਡ, ਕੋਲੇਕਲਿਆਣ, ਸਾਂਤਾਕਰੂਜ਼ (ਪੂਰਬੀ), ਮੁੰਬਈ-400098.

ਇਸਦੇ ਅਧੀਨ ਗਾਹਕ ਤੋਂ ਕੋਈ ਵੀ ਨੋਟਿਸ ਜਾਂ ਸੰਚਾਰ YES Bank ਲਈ ਪਾਬੰਦ ਨਹੀਂ ਹੋਵੇਗਾ ਜਦੋਂ ਤੱਕ ਕਿ ਇਹ ਲਿਖਤੀ ਰੂਪ ਵਿੱਚ ਨਹੀਂ ਹੈ ਅਤੇ YES Bank ਦੁਆਰਾ ਜਾਂ ਪੰਜੀਕਿਰਤ ਡਾਕ ਦੁਆਰਾ, ਰਸੀਦ ਕਾਰਡ ਦੁਆਰਾ ਪ੍ਰਦਾਨ ਕੀਤਾ ਗਿਆ ਹੈ ਅਤੇ ਸਵੀਕਾਰ ਕੀਤਾ ਜਾਵੇਗਾ।

**VIII. ਖਰਚੇ**

a) ਖਰਚਿਆਂ ਵਿੱਚ ਸ਼ਾਮਲ ਹੋਣਗੇ:

(a) YES Bank/EbixCash ਦੁਆਰਾ GIFT ਪ੍ਰੀਪੇਡ ਕਾਰਡ ਦੇ ਸਬੰਧ ਵਿੱਚ ਬਦਲੀ, ਨਵਿਆਉਣ, ਹੈਂਡਲਿੰਗ ਅਤੇ ਹੋਰ ਫੀਸਾਂ, ਜੇਕਰ ਕੋਈ ਹੋਵੇ, ਕੋਈ ਵੀ ਫੀਸ ਸ਼ਾਮਲ ਹੈ। ਇਹ ਫੀਸਾਂ ਗੈਰ-ਵਾਪਸੀਯੋਗ, ਗੈਰ-ਤਬਾਦਲਾਯੋਗ ਅਤੇ ਪ੍ਰਕਿਰਤੀ ਵਿੱਚ ਗੈਰ-ਸਾਈਨ ਕਰਨਯੋਗ ਹਨ।

(b) ਖਾਸ ਕਿਸਮ ਦੇ ਲੈਣ-ਦੇਣ 'ਤੇ ਸੇਵਾ ਖ਼ਰਚੇ। ਅਜਿਹੇ ਖ਼ਰਚਿਆਂ ਦੀ ਗਣਨਾ ਦਾ ਤਰੀਕਾ YES Bank/EbixCash ਦੁਆਰਾ ਸਮੇਂ-ਸਮੇਂ 'ਤੇ ਆਪਣੀ ਵੈੱਬਸਾਈਟ 'ਤੇ ਸੂਚਿਤ ਕੀਤਾ ਜਾਵੇਗਾ:-wwwebixcash.com.

b) ਸਾਰੇ ਖਰਚੇ, ਮੈਨੀਫੈਸਟ ਗਲਤੀ ਦੀ ਅਣਹੋਂਦ ਵਿੱਚ, ਅੰਤਮ ਅਤੇ ਗਾਹਕ 'ਤੇ ਬਾਈਡਿੰਗ ਹੋਣਗੇ ਅਤੇ ਪ੍ਰਕਿਰਤੀ ਵਿੱਚ ਨਿਰਣਾਇਕ ਹੋਣਗੇ।

c) ਸਾਰੇ ਕਨੂੰਨੀ ਟੈਕਸ, ਵਸਤਾਂ ਅਤੇ ਸੇਵਾ ਟੈਕਸ, ਹੋਰ ਸਾਰੇ ਖ਼ਰਚੇ, ਡਿਊਟੀਆਂ (ਸਟਾਂਪ ਡਿਊਟੀ ਅਤੇ ਸੰਬੰਧਿਤ ਪੰਜੀਕਰਨ ਖ਼ਰਚੇ, ਜੇਕਰ ਕੋਈ ਹਨ GIFT ਪ੍ਰੀਪੇਡ ਕਾਰਡ ਦੇ ਸੰਬੰਧ ਵਿੱਚ) ਅਤੇ ਟੈਕਸ (ਕਿਸੇ ਵੀ ਵਿਵਰਣ ਦਾ) ਜੋ ਸਮੇਂ-ਸਮੇਂ ਸਿਰ ਲਾਇਆ ਜਾ ਸਕਦਾ ਹੈ, GIFT ਪ੍ਰੀਪੇਡ ਕਾਰਡ ਦੇ ਸੰਬੰਧ ਵਿੱਚ ਸਰਕਾਰ ਅਤੇ ਦੂਜੇ ਪ੍ਰਾਧੀਕਰਨ ਦੁਆਰਾ ਸਮੇਂ-ਸਮੇਂ ਸਿਰ ਗਾਹਕ ਦੁਆਰਾ ਸਹਿਨ ਕੀਤਾ ਜਾਵੇਗਾ।

**IX. ਨਕਦੀ ਨਿਕਾਸੀ**

a) ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਨਕਦੀ ਨਿਕਾਸੀ ਦੀ ਆਗਿਆ ਨਹੀਂ ਹੈ।

**X. ਗੁਆਚਿਆ, ਚੋਰੀ ਹੋ ਗਿਆ ਜਾਂ GIFT ਪ੍ਰੀਪੇਡ ਕਾਰਡ ਦੀ ਦੁਰਵਰਤੋਂ:**

a) ਜੇਕਰ GIFT ਪ੍ਰੀਪੇਡ ਕਾਰਡ ਗੁਆਚ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ, ਤਾਂ ਗਾਹਕ ਨੂੰ ਅਜਿਹੇ ਨੁਕਸਾਨ ਜਾਂ ਚੋਰੀ ਦੀ ਤੁਰੰਤ ਕਸਟਮਰ ਕੇਅਰ ਸੈਂਟਰ ਨੂੰ ਰਿਪੋਰਟ ਕਰਨੀ ਚਾਹੀਦੀ ਹੈ ਅਤੇ GIFT ਪ੍ਰੀਪੇਡ ਕਾਰਡ ਨੂੰ ਤੁਰੰਤ ਮੁਅੱਤਲ ਕਰਨ ਲਈ ਬੇਨਤੀ ਕਰਨੀ ਚਾਹੀਦੀ ਹੈ।

b) ਗਾਹਕ ਸਵੀਕਾਰ ਕਰਦਾ ਹੈ ਕਿ ਇੱਕ ਵਾਰ GIFT ਪ੍ਰੀਪੇਡ ਕਾਰਡ ਦੇ ਗੁੰਮ, ਚੋਰੀ ਜਾਂ ਖਰਾਬ ਹੋਣ ਦੀ ਰਿਪੋਰਟ ਕੀਤੇ ਜਾਣ ਤੋਂ ਬਾਅਦ, ਅਜਿਹੇ GIFT ਪ੍ਰੀਪੇਡ ਕਾਰਡ ਦੀ ਦੁਬਾਰਾ ਵਰਤੋਂ ਨਹੀਂ ਕੀਤੀ ਜਾ ਸਕਦੀ, ਭਾਵੇਂ ਬਾਅਦ ਵਿੱਚ ਮਿਲ ਜਾਵੇ।

ਗਾਹਕ GIFT ਪ੍ਰੀਪੇਡ ਕਾਰਡ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ ਅਤੇ ਇਹ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕੇਗਾ ਕਿ GIFT ਪ੍ਰੀਪੇਡ ਕਾਰਡ ਦੀ ਦੁਰਵਰਤੋਂ ਨਾ ਹੋਵੇ। ਜੇਕਰ YES Bank ਕਿਸੇ ਵੀ ਜਾਣਕਾਰੀ ਨੂੰ ਨਿਰਧਾਰਤ ਕਰਦਾ ਹੈ ਜਾਂ ਪ੍ਰਾਪਤ ਕਰਦਾ ਹੈ ਕਿ ਗਾਹਕ ਨੇ ਬੇਪਰਵਾਹੀ ਕੀਤੀ ਹੈ ਜਾਂ ਉਪਰੋਕਤ ਦਰਸਾਏ ਗਏ ਕਦਮ ਚੁੱਕਣ ਤੋਂ ਇਨਕਾਰ ਕਰ ਦਿੱਤਾ ਹੈ ਜਾਂ ਉਹ GIFT ਪ੍ਰੀਪੇਡ ਕਾਰਡ ਦੇ ਗੁਆਚਣ, ਚੋਰੀ ਜਾਂ ਨਸ਼ਟ ਹੋਣ ਦੀ ਸਥਿਤੀ ਵਿੱਚ, YES Bank ਨੂੰ ਅਜਿਹੇ GIFT ਪ੍ਰੀਪੇਡ ਕਾਰਡ ਨੂੰ ਰੱਦ ਕਰਨ ਜਾਂ ਸਮਾਪਤ ਕਰਨ ਦਾ ਇੱਕਮਾਤਰ ਅਧਿਕਾਰ ਰਾਖਵਾਂ ਹੈ।

c) ਗਾਹਕ ਦੁਆਰਾ ਅਜਿਹੇ GIFT ਪ੍ਰੀਪੇਡ ਕਾਰਡ ਦੇ ਗੁੰਮ, ਚੋਰੀ ਜਾਂ ਨੁਕਸਾਨ ਦੀ ਰਿਪੋਰਟ ਕੀਤੇ ਜਾਣ ਤੋਂ ਬਾਅਦ, GIFT ਪ੍ਰੀਪੇਡ ਕਾਰਡ 'ਤੇ ਕੀਤੇ ਗਏ ਕਿਸੇ ਵੀ ਅਣਅਧਿਕਾਰਤ ਲੈਣ-ਦੇਣ ਲਈ ਗਾਹਕ 'ਤੇ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। GIFT ਪ੍ਰੀਪੇਡ ਕਾਰਡ 'ਤੇ ਜਮ੍ਹਾਂ ਹੋਣ ਵਾਲੀਆਂ ਸਾਰੀਆਂ ਦੇਣਦਾਰੀਆਂ, ਗਾਹਕ ਦੁਆਰਾ ਰਿਪੋਰਟ ਕਰਨ ਤੋਂ ਬਾਅਦ YES Bank/EbixCash ਦੁਆਰਾ ਸਹਿਣ ਕੀਤਾ ਜਾਵੇਗਾ। ਹਾਲਾਂਕਿ, ਰਿਪੋਰਟਿੰਗ ਦੇ ਸਮੇਂ ਅਤੇ/ਜਾਂ GIFT ਪ੍ਰੀਪੇਡ ਕਾਰਡ 'ਤੇ ਕੀਤੇ ਗਏ ਲੈਣ-ਦੇਣ, ਗੁੰਮ ਹੋਏ, ਚੋਰੀ ਹੋਏ ਜਾਂ ਦੁਰਵਰਤੋਂ ਕੀਤੇ GIFT ਪ੍ਰੀਪੇਡ ਕਾਰਡ ਦੀ ਪੋਸਟ ਰਿਪੋਰਟਿੰਗ ਦੇ ਕਿਸੇ ਵਿਵਾਦ ਦੇ ਮਾਮਲੇ ਵਿੱਚ, YES Bank ਦੇ ਸਾਰੇ ਫੈਸਲੇ ਅੰਤਮ ਹੋਣਗੇ ਅਤੇ ਗਾਹਕ ਇਨ੍ਹਾਂ ਲਈ ਪਾਬੰਦ ਹੋਵੇਗਾ।

## XI. ਦੇਣਦਾਰੀ ਦਾ ਅਪਵਾਦ

a) ਉਪਰੋਕਤ ਦੇ ਸੰਬੰਧ ਵਿੱਚ ਪੱਖਪਾਤ ਕੀਤੇ ਬਿਨਾਂ, YES Bank/EbixCash, ਕਿਸੇ ਵੀ ਨੁਕਸਾਨ ਜਾਂ ਹਾਨੀ ਦੇ ਸੰਬੰਧ ਵਿੱਚ ਗਾਹਕ ਜਾਂ ਕਿਸੇ ਤੀਜੀ ਧਿਰ ਲਈ ਕੋਈ ਜਵਾਬਦੇਹੀ ਜਾਂ ਜ਼ਿੰਮੇਵਾਰੀ ਦੇ ਅਧੀਨ ਨਹੀਂ ਹੋਵੇਗਾ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਨ੍ਹਾਂ ਤੋਂ ਪੈਦਾ ਹੁੰਦੇ ਹਨ

1. ਸਪਲਾਈ ਕੀਤੇ ਗਏ ਕਿਸੇ ਵੀ ਵਸਤੂਆਂ ਜਾਂ ਸੇਵਾਵਾਂ ਵਿੱਚ ਕੋਈ ਨੁਕਸ
2. ਕੋਈ ਵੀ ਵਸਤੂਆਂ ਜਾਂ ਸੇਵਾਵਾਂ ਦੀ ਗੁਣਵੱਤਾ, ਮੁੱਲ ਦੀ ਵਾਰੰਟੀ, ਡਿਲਿਵਰੀ ਵਿੱਚ ਦੇਰੀ, ਡਿਲੀਵਰੀ ਨਾ ਹੋਣ, ਪ੍ਰਾਪਤੀ ਨਾ ਹੋਣ ਬਾਰੇ ਕੋਈ ਵਿਵਾਦ;
3. ਕਿਸੇ ਵੀ ਵਿਅਕਤੀ ਨੂੰ GIFT ਪ੍ਰੀਪੇਡ ਕਾਰਡ ਸਵੀਕਾਰ ਕਰਨ ਤੋਂ ਇਨਕਾਰ ਕਰਨਾ
4. ਕਿਸੇ ਵੀ ਵਜ੍ਹਾ ਕਰਕੇ, ਜਾਂ ਜੇਕਰ ATM ਕਿਸੇ ਵੀ ਕਾਰਨ ਕਰਕੇ ਕੰਮ ਨਹੀਂ ਕਰ ਰਿਹਾ ਹੈ, ਤਾਂ GIFT ਪ੍ਰੀਪੇਡ ਕਾਰਡ ਦਾ ਲੋੜੀਂਦੇ ਢੰਗ ਨਾਲ ਕੰਮ ਨਹੀਂ ਕਰਨਾ
5. ਕਿਸੇ ਵੀ ਕੰਪਿਊਟਰ ਟਰਮੀਨਲ ਵਿੱਚ ਖ਼ਰਾਬੀ
6. ਕੋਈ ਵੀ ਅਣਕਿਆਸੀ ਘਟਨਾ
7. ਕਿਸੇ ਵੀ ਤੀਜੀ ਧਿਰ ਨੂੰ GIFT ਪ੍ਰੀਪੇਡ ਕਾਰਡ ਦਾ ਟ੍ਰਾਂਸਫਰ ਕਰਨਾ।
8. ਗਾਹਕ ਦੁਆਰਾ GIFT ਪ੍ਰੀਪੇਡ ਕਾਰਡ ਦੀ ਸਮਾਪਤੀ।
9. YES Bank/EbixCash ਦੁਆਰਾ GIFT ਪ੍ਰੀਪੇਡ ਕਾਰਡ ਨੂੰ ਦੁਬਾਰਾ ਕਬਜ਼ੇ ਵਿੱਚ ਲੈਣ ਕਾਰਨ ਕਥਿਤ ਤੌਰ 'ਤੇ ਗਾਹਕ ਨੂੰ ਹੋਣ ਵਾਲਾ ਕੋਈ ਵੀ ਨੁਕਸਾਨ ਜਾਂ ਹਾਨੀ।

10. ਗਾਹਕ ਤੋਂ ਇਸ ਸੰਬੰਧ ਵਿੱਚ ਨਿਰਦੇਸ਼ ਪ੍ਰਾਪਤ ਹੋਣ 'ਤੇ ਇੱਕ GIFT ਪ੍ਰੀਪੇਡ ਕਾਰਡ ਨੂੰ ਅਲਾਟ ਕੀਤੀ ਗਈ ਰਕਮ ਵਿੱਚ ਕੋਈ ਅੰਤਰ।

11. ਗਾਹਕ ਦੀ ਮੰਗ 'ਤੇ GIFT ਪ੍ਰੀਪੇਡ ਕਾਰਡ 'ਤੇ ਕੀਤੇ ਗਏ ਕੋਈ ਵੀ ਬਦਲਾਵ।

## XII. ਵਿਵਾਦਿਤ ਲੈਣ-ਦੇਣ

a) YES Bank/EbixCash ਦੁਆਰਾ ਭੁਗਤਾਨ ਲਈ ਪ੍ਰਾਪਤ ਕੀਤੀ ਕੋਈ ਵੀ ਚਾਰਜ ਜਾਂ ਲੈਣ-ਦੇਣ ਰਸੀਦ ਜਾਂ ਹੋਰ ਭੁਗਤਾਨ ਦੀ ਮੰਗ ਅਜਿਹੇ ਚਾਰਜ ਦਾ ਨਿਰਣਾਇਕ ਸਬੂਤ ਹੋਵੇਗੀ, ਜਦੋਂ ਤੱਕ GIFT ਪ੍ਰੀਪੇਡ ਕਾਰਡ ਗੁਆਚ ਨਹੀਂ ਜਾਂਦਾ, ਚੋਰੀ ਜਾਂ ਧੋਖਾਧੜੀ ਨਾਲ ਦੁਰਵਰਤੋਂ ਨਹੀਂ ਕੀਤਾ ਜਾਂਦਾ ਅਤੇ ਗਾਹਕ ਦੁਆਰਾ ਇਸਦਾ ਸਬੂਤ ਨਹੀਂ ਦਿੱਤਾ ਜਾਂਦਾ ਹੈ।

b) GIFT ਪ੍ਰੀਪੇਡ ਕਾਰਡ ਦੇ ਸੰਬੰਧ ਵਿੱਚ ਸਾਰੇ ਵਿਵਾਦਿਤ ਲੈਣ-ਦੇਣਾਂ ਨੂੰ ਵਿਵਾਦਿਤ ਲੈਣ-ਦੇਣ ਦੀ ਮਿਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ, YES Bank/EbixCash ਦੁਆਰਾ ਬਣਾਏ ਗਏ ਗਾਹਕ ਸੇਵਾ ਕੇਂਦਰ ਵਿੱਚ ਉਠਾਉਣ ਦੀ ਲੋੜ ਹੋਵੇਗੀ। ਗਾਹਕ ਸਵੀਕਾਰ ਕਰਦਾ ਹੈ ਕਿ ਵਿਵਾਦਿਤ ਲੈਣ-ਦੇਣ ਦੀ ਮਿਤੀ ਤੋਂ 15 ਦਿਨਾਂ ਬਾਅਦ ਕੋਈ ਵੀ ਮੰਗ YES Bank/EbixCash ਦੁਆਰਾ ਸਵੀਕਾਰ ਨਹੀਂ ਕੀਤੀ ਜਾਵੇਗੀ।

## XIII. ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ

a) ਖਰੀਦੇ ਗਏ ਕਿਸੇ ਵੀ ਮਾਲ ਜਾਂ ਪ੍ਰਾਪਤ ਕੀਤੀਆਂ ਸੇਵਾਵਾਂ ਦੇ ਸੰਬੰਧ ਵਿੱਚ ਕਿਸੇ ਵੀ ਵਪਾਰੀ ਅਦਾਰੇ ਨਾਲ ਕੋਈ ਵਿਵਾਦ ਜਾਂ ਸ਼ਿਕਾਇਤ ਦਾ ਗਾਹਕ ਦੁਆਰਾ ਵਪਾਰੀ ਅਦਾਰੇ ਨਾਲ ਸਿੱਧਾ ਹੱਲ ਕੀਤਾ ਜਾਣਾ ਚਾਹੀਦਾ ਹੈ।

## XIV. ਖੁਲਾਸੇ

a) ਗਾਹਕ, ਗਾਹਕ ਅਤੇ GIFT ਪ੍ਰੀਪੇਡ ਕਾਰਡ ਨਾਲ ਜੁੜੀ ਜਾਣਕਾਰੀ ਨੂੰ ਕਿਸੇ ਹੋਰ ਬੈਂਕ ਜਾਂ ਵਿੱਤੀ ਜਾਂ ਕਨੂੰਨੀ ਜਾਂ ਨਿਯਾਮਕ ਅਥੌਰਿਟੀ ਨਾਲ ਸਾਂਝਾ ਕਰਨ ਲਈ ਸਹਿਮਤੀ ਦਿੰਦਾ ਹੈ ਅਤੇ ਸਵੀਕਾਰ ਕਰਦਾ ਹੈ।

b) ਗਾਹਕ ਸਵੀਕਾਰ ਕਰਦਾ ਹੈ ਅਤੇ ਸਹਿਮਤੀ ਦਿੰਦਾ ਹੈ ਕਿ YES Bank/EbixCash ਕਿਸੇ ਹੋਰ ਬੈਂਕਾਂ ਜਾਂ ਵਿੱਤੀ ਜਾਂ ਕਨੂੰਨੀ ਜਾਂ ਨਿਯਾਮਕ ਅਥੌਰਿਟੀਆਂ ਨੂੰ ਗਾਹਕ ਦੇ ਕਿਸੇ ਵੀ ਅਪਰਾਧ ਅਤੇ/ਜਾਂ GIFT ਪ੍ਰੀਪੇਡ ਕਾਰਡ ਦੀ ਵਰਤੋਂ ਬਾਰੇ ਰਿਪੋਰਟ ਕਰ ਸਕਦਾ ਹੈ। YES Bank/EbixCash ਅਜਿਹੇ ਖੁਲਾਸੇ ਦੀ ਸੀਮਾ ਸਮੇਤ, ਗਾਹਕ ਨੂੰ ਅਜਿਹੇ ਬੈਂਕਾਂ ਜਾਂ ਵਿੱਤੀ ਜਾਂ ਕਨੂੰਨੀ ਜਾਂ ਨਿਯਾਮਕ ਅਥੌਰਿਟੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਪਾਬੰਦ ਨਹੀਂ ਹੋਵੇਗਾ।

c) ਗਾਹਕ ਇਸਦੇ ਜ਼ਰੀਏ YES Bank/EbixCash ਅਤੇ ਇਸਦੇ ਏਜੰਟਾਂ ਨੂੰ YES Bank ਦੀਆਂ ਸਮੂਹ ਕੰਪਨੀਆਂ ਜਾਂ ਸਹਿਯੋਗੀ ਕੰਪਨੀਆਂ ਨਾਲ ਗਾਹਕ ਦੇ ਵੇਰਵਿਆਂ ਅਤੇ ਭੁਗਤਾਨ ਇਤਿਹਾਸ ਨਾਲ ਸੰਬੰਧਿਤ ਸਾਰੀ ਜਾਣਕਾਰੀ ਦਾ ਆਦਾਨ-ਪ੍ਰਦਾਨ, ਸਾਂਝਾ ਕਰਨ ਜਾਂ ਸੌਂਪਣ ਦਾ ਅਧਿਕਾਰ ਦਿੰਦਾ ਹੈ।

## XV. ਪ੍ਰਸ਼ਾਸਨਿਕ ਕਨੂੰਨ ਅਤੇ ਅਧਿਕਾਰ-ਖੇਤਰ

a) ਇਹਨਾਂ ਨਿਯਮਾਂ ਅਤੇ ਸ਼ਰਤਾਂ ਦੇ ਸੰਬੰਧ ਵਿੱਚ ਪੈਦਾ ਹੋਣ ਵਾਲੇ ਸਾਰੇ ਵਿਵਾਦ ਭਾਰਤ ਦੇ ਕਨੂੰਨਾਂ ਦੁਆਰਾ ਨਿਯੰਤਰਿਤ ਅਤੇ ਵਰਣਿਤ ਕੀਤੇ ਜਾਣਗੇ ਅਤੇ ਮੁੰਬਈ ਦੀਆਂ ਅਦਾਲਤਾਂ ਦੇ ਵਿਸ਼ੇਸ਼ ਅਧਿਕਾਰ-ਖੇਤਰ ਦੇ ਅਧੀਨ ਹੋਣਗੇ।

## XVI. ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਬਦਲਾਵ ਕਰਨਾ

YES Bank/EbixCash ਇਹਨਾਂ ਨਿਯਮਾਂ ਅਤੇ ਸ਼ਰਤਾਂ, GIFT ਪ੍ਰੀਪੇਡ ਕਾਰਡ 'ਤੇ ਪੇਸ਼ ਕੀਤੀਆਂ ਗਈਆਂ ਵਿਸ਼ੇਸ਼ਤਾਵਾਂ ਅਤੇ ਲਾਭਾਂ ਨੂੰ ਬਦਲਣਾ ਇੱਕਮਾਤਰ ਅਧਿਕਾਰ ਰਾਖਵਾਂ ਕਰਦਾ ਹੈ, ਜਿਸ ਵਿੱਚ ਵਿਆਜ਼ ਖ਼ਰਚੇ ਜਾਂ ਦਰਾਂ ਅਤੇ ਗਣਨਾ ਦੇ ਤਰੀਕੇ ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ

a) YES Bank/EbixCash ਸੰਸ਼ੋਧਿਤ ਕੀਤੇ ਨਿਯਮਾਂ ਅਤੇ ਸ਼ਰਤਾਂ ਬਾਰੇ ਆਪਣੀ ਵੈੱਬਸਾਈਟ, www.Yesbank.in/www.ebixcash.com 'ਤੇ ਹੋਸਟ ਕਰਕੇ, ਜਾਂ YES Bank ਦੁਆਰਾ ਤੈਅ ਕੀਤੇ ਗਏ ਕਿਸੇ ਹੋਰ ਤਰੀਕੇ ਨਾਲ ਸੂਚਿਤ ਕਰੇਗਾ।

b) ਗਾਹਕ ਦੀ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਅਤੇ ਨਾਲ ਹੀ YES Bank/EbixCash ਵੈੱਬਸਾਈਟ: www.yesbank.in/www.ebixcash.com 'ਤੇ ਪੋਸਟ ਕੀਤੇ ਗਏ ਸੰਸ਼ੋਧਨਾਂ ਨੂੰ ਪੜ੍ਹਨ ਦੀ ਜ਼ਿਮੇਵਾਰੀ ਹੋਵੇਗੀ ਅਤੇ ਜੇਕਰ ਉਹ GIFT ਪ੍ਰੀਪੇਡ ਕਾਰਡ ਦੀ ਵਰਤੋਂ ਕਰਨਾ ਜਾਰੀ ਰੱਖਦਾ ਹੈ ਤਾਂ ਇਹ ਮੰਨਿਆ ਜਾਵੇਗਾ ਕਿ ਉਸਨੇ ਸੰਸ਼ੋਧਿਤ ਨਿਯਮ ਅਤੇ ਸ਼ਰਤਾਂ ਸਵੀਕਾਰ ਕਰ ਲਈਆਂ ਹਨ

**XVII. ਖ਼ਰਚਿਆਂ ਦੀ ਅਨੁਸੂਚੀ**

| ਫੀਸ | ਰਕਮ |
|---|---|
| ਕਾਰਡ ਜਾਰੀ ਕਰਨਾ | 100 ਰੁਪਏ ਪ੍ਰਤਿ ਕਾਰਡ |
| ਕਾਰਡ ਬਦਲਣਾ | INR 100 ਪ੍ਰਤਿ ਕਾਰਡ |

**ਹਾਲਾਂਕਿ, ਇੱਥੇ ਸ਼ਾਮਲ ਕੁੱਝ ਵੀ, YES Bank/EbixCash ਨੂੰ GIFT ਪ੍ਰੀਪੇਡ ਕਾਰਡ ਦੁਆਰਾ ਕੀਤੇ ਗਏ ਕਿਸੇ ਵੀ ਲੈਣ-ਦੇਣ 'ਚੋਂ, ਲਾਗੂ ਕਨੂੰਨਾਂ ਦੇ ਤਹਿਤ ਲੋੜ ਅਨੁਸਾਰ ਸਰੋਤ 'ਤੇ ਟੈਕਸ ਦੀ ਕਟੌਤੀ ਕਰਨ ਤੋਂ ਨਹੀਂ ਰੋਕੇਗਾ।**

**XVIII. ਗਾਹਕ ਸ਼ਿਕਾਇਤ ਨਿਵਾਰਣ**

a) GIFT ਪ੍ਰੀਪੇਡ ਕਾਰਡ ਅਤੇ/ਜਾਂ ਇਹਨਾਂ ਨਿਯਮਾਂ ਅਤੇ ਸ਼ਰਤਾਂ ਨਾਲ ਜੁੜੇ ਕਿਸੇ ਵੀ ਵਿਵਾਦ ਜਾਂ ਸ਼ਿਕਾਇਤ ਦੀ ਸਥਿਤੀ ਵਿੱਚ, ਗਾਹਕ YES Bank/EbixCash ਨੂੰ 24 ਘੰਟੇ ਇਸਦੇ ਗਾਹਕ ਸੇਵਾ ਨੰਬਰ 18002000/022-61125757/0766615520 'ਤੇ ਸੰਪਰਕ ਕਰ ਸਕਦਾ ਹੈ ਜਾਂ ਇਸ ਪਤੇ 'ਤੇ ਈਮੇਲ ਕਰ ਸਕਦਾ ਹੈ: yestouch@yesbank.in/care@ebixcash.com.

b) ਜੇਕਰ GIFT ਪ੍ਰੀਪੇਡ ਕਾਰਡ ਅਤੇ/ਜਾਂ ਇਹਨਾਂ ਨਿਯਮਾਂ ਅਤੇ ਸ਼ਰਤਾਂ ਨਾਲ ਜੁੜੇ ਕਿਸੇ ਵਿਵਾਦ ਜਾਂ ਸ਼ਿਕਾਇਤ ਨੂੰ YES Bank ਗਾਹਕ ਸੇਵਾ ਦੁਆਰਾ ਸਹੀ ਤਰੀਕੇ ਨਾਲ ਹੱਲ ਨਹੀਂ ਕੀਤਾ ਜਾਂਦਾ, ਤਾਂ ਗਾਹਕ YES Bank ਨੋਡਲ ਆਫਿਸਰ ਨਾਲ ਸੰਪਰਕ ਕਰ ਸਕਦਾ ਹੈ ਜਿਸ ਦੀ ਜਾਣਕਾਰੀ YES Bank ਦੀ ਵੈੱਬਸਾਈਟ 'ਤੇ ਦਿੱਤੀ ਗਈ ਹੈ।

c) YES Bank ਇਸ ਗੱਲ ਨਾਲ ਸਹਿਮਤ ਹੈ ਕਿ ਗਾਹਕ ਦੁਆਰਾ ਉਠਾਈਆਂ ਗਈਆਂ ਸਾਰੀਆਂ ਸ਼ਿਕਾਇਤਾਂ, ਵਿਵਾਦਾਂ ਜਾਂ ਸ਼ਿਕਾਇਤਾਂ ਨੂੰ ਸਮਾਂਬੱਧ ਢੰਗ ਨਾਲ ਹੱਲ ਕੀਤਾ ਜਾਵੇਗਾ ਅਤੇ/ਜਾਂ ਹੱਲ ਕੀਤਾ ਜਾਵੇਗਾ।

D) ਗਾਹਕ ਆਪਣੀ ਸ਼ਿਕਾਇਤ ਦੇ ਨਿਪਟਾਰੇ ਲਈ ਕਿਸੇ ਵੀ ਸਮੇਂ ਬੈਂਕਿੰਗ ਓਮਬਡਸਮੈਨ ਨਾਲ ਸੰਪਰਕ ਕਰ ਸਕਦਾ ਹੈ।